Rare
ਕਵਿਤਾ 19539

ਕਵੀ ਸ਼ਾਹ ਮੁਹੰਮਦ ਕ੍ਰਿਤ

# ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ

ਸੰਪਾਦਿਤ

ਗੰਡਾ ਸਿੰਘ, ਐਮ. ਏ.,

ਖਾਲਸਾ ਕਾਲਜ, ਅੰਮ੍ਰਿਤਸਰ

ਅੰਮ੍ਰਿਤਸਰ

੧੯੪੬

ਪ੍ਰੋ. ਪ੍ਰੇਮ ਸਿੰਘ ਬਜਾਜ
ਵੱਲੋਂ
ਰੈਫਰੈਂਸ ਲਾਇਬ੍ਰੇਰੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

19539

# ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ

Digitized by Panjab Digital Library | www.panjabdigilib.org

## ਏਸੇ ਲੇਖਕ ਦੀਆਂ ਕੁਝ ਹੋਰ–

### ਅੰਗਰੇਜ਼ੀ –

Life of Banda Singh Bahadur. 1935.
A Short Life-sketch of Banda Singh, the Martyr. 1934.
Life of Bhai Gurdas. 1930.
History of Gurdwara Shaidganj, Lahore. 1935
*Nanak-Panthis:* Sikhs and Sikhism of the 17th Century. 1940.
Qazi Nur Mohammad's *Jang Namah*, translated and edited. 1939.
Last Days of Guru Gobind Singh. 1942.
Maharaja Ranjit Singh. 1939.
Louis Bourquin (French). 1940.
Guru Nanak : His Life and Teachings. 1940.
Bibliography of Sikh History. (Ready.)
Ahmad Shah Durrani. (Ready.)

### ਉਰਦੂ–

ਮਿਰਤੁ-ਤਵਾਰੀਖਿ ਸਿੱਖਾਂ. ੧੯੩੫.
ਇਨਕਸ਼ਾਫ਼ਿ ਹਕੀਕਤ. ੧੯੨੬.

### ਹਿੰਦੀ–

ਗੁਰੂ ਗੋਵਿੰਦ ਕੇ ਸਾਹਿਬਜ਼ਾਦੋਂ ਕੇ ਜੀਵਨ-ਬ੍ਰਿਤਾਂਤ. ੧੯੩੦.
ਬੈਸਾਖੀ ਸੰਦੇਸ਼. ੧੯੩੦.

### ਗੁਰਮੁਖੀ–

ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ੧੯੪੬.
ਮਹਾਰਾਜਾ ਕੌੜਾ ਮੱਲ ਬਹਾਦੁਰ. ੧੯੪੧.
ਕੂਕਿਆਂ ਦੀ ਵਿਥਿਆ ੧੯੪੪, ੧੯੪੬.
ਸਿਖ ਇਤਿਹਾਸ ਬਾਰੇ ੧੯੪੨, ੧੯੪੬.
ਸਿਖ ਇਤਿਹਾਸ ਵਲ. ੧੯੪੬.
ਪੰਜਾਬ ਦੀਆਂ ਵਾਰਾਂ. ੧੯੪੬.
ਕੁਝ ਕੁ ਪੁਰਾਤਨ ਸਿਖ ਇਤਿਹਾਸਕ ਪਤ੍ਰੇ. ੧੯੩੭.

Digitized by Panjab Digital Library | www.panjabdigilib.org

ਕਵਿਤਾ

ਕਵੀ ਸ਼ਾਹ ਮੁਹੰਮਦ ਕ੍ਰਿਤ

# ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ

ਪੰਜਾਬੀ ਸਾਹਿਤ ਅਕਾਡਮੀ
ਰੈਫਰੈਂਸ ਲਾਇਬ੍ਰੇਰੀ,
ਪੁਸਤਕ ਨੰ: 19539
ਪੰਜਾਬੀ ਭਵਨ, ਲੁਧਿਆਣਾ।

ਸੰਪਾਦਿਤ
ਗੰਡਾ ਸਿੰਘ, ਐਮ. ਏ,
ਖਾਲਸਾ ਕਾਲਜ, ਅੰਮ੍ਰਿਤਸਰ।

ਪ੍ਰਿੰ: ਪ੍ਰੇਮ ਸਿੰਘ ਬਜਾਜ
ਵੱਲੋਂ
ਰੈਫਰੈਂਸ ਲਾਇਬ੍ਰੇਰੀ ਲਈ ਭੇਟ

ਅੰਮ੍ਰਿਤਸਰ
੧੯੫੬

Digitized by Panjab Digital Library | www.panjabdigilib.org

All Rights Reserved by the Author.

Printed by B. Ram Nath Grover
at the
Grover Printing Press, Durgiana, Amritsar,
published by
Prof, Ganda Singh, M. A., Khalsa College, Amritsar,

2/-

Digitized by Panjab Digital Library | www.panjabdigilib.org

19539

# ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ

Digitized by Panjab Digital Library | www.panjabdigilib.org

ਸ਼ਾਹ ਮੁਹੰਮਦ ਪੰਜਾਬ ਦਾ ਇਕ ਬੜੇ ਉੱਚੇ ਪਾਏ ਦਾ ਕਵੀ ਹੈ ਜਿਸ ਦੀ 'ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ' ਨਾਮੀ ਪ੍ਰਸਿੱਧ ਤੇ ਦਿਲ-ਖਿਚਵੀਂ ਰਚਨਾ ਨੇ ਇਸ ਨੂੰ ਅਮਰ ਕਰ ਦਿੱਤਾ ਹੈ। ਇਹ ਰਚਨਾਂ ਹੋਰ ਕਈ ਨਾਮਾਂ ਨਾਲ ਭੀ ਪ੍ਰਸਿੱਧ ਹੈ ਜਿਵੇਂ ਕਿ 'ਕਿੱਸਾ ਸ਼ਾਹ ਮੁਹੰਮਦ', 'ਵਾਰ ਸ਼ਾਹ ਮੁਹੰਮਦ' 'ਸ਼ਾਹ ਮੁਹੰਮਦ ਦੇ ਬੈਂਤ,' 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ ਦਾ' ਆਦਿ।

ਪੰਜਾਬ ਵਿਚ ਸ਼ਾਹ ਮੁਹੰਮਦ ਦੇ ਬੈਂਤ ਇਤਨੇ ਹਰ-ਮਨ-ਪਿਆਰੇ ਹਨ ਕਿ ਕੀ ਹਿੰਦੂ, ਕੀ ਮੁਸਲਮਾਨ ਅਤੇ ਕੀ ਸਿੱਖ, ਹਰ ਇਕ ਦੀ ਜ਼ਬਾਨ ਉੱਤੇ ਹਨ। ਸੱਚ ਤਾਂ ਇਹ ਹੈ ਕਿ ਸ਼ਾਹ ਮੁਹੰਮਦ ਨੂੰ ਪੰਜਾਬ ਦਾ ਕੌਮੀ ਕਵੀ ਕਿਹਾ ਜਾ ਸਕਦਾ ਹੈ।

ਆਮ ਖ਼ਿਆਲ ਇਹ ਸੀ ਕਿ ਆਪ ਬਟਾਲਾ ਜ਼ਿਲਾ ਗੁਰਦਾਸ ਪੁਰ ਦੇ ਰਹਿਣ ਵਾਲੇ ਸਨ, ਅਰ ਮੁਨਸ਼ੀ ਮੌਲਾ ਬਖ਼ਸ਼ 'ਕੁਸ਼ਤਾ' ਦੀ 'ਪੰਜਾਬ ਦੇ ਹੀਰੇ' ਨਾਮੀ ਪੁਸਤਕ ਵਿਚ ਦਿੱਤੀ ਖੋਜ ਅਨੁਸਾਰ ਆਪ ਵਡਾਲਾ ਵੀਰਮ ਜ਼ਿਲਾ ਅੰਮ੍ਰਿਤਸਰ ਦੇ ਵਸਨੀਕ ਸਨ ਜਿੱਥੇ ਕਿ ਸੰਨ ੧੭੮੦– ਦੀ ੮੨ ਆਪ ਦਾ ਜਨਮ ਹੋਇਆ ਅਤੇ ਅੱਸੀ ਬਿਆਸੀ ਸਾਲ ਤੇ ਦਫ਼ਨਾਏ ਭੋਗ ਕੇ ਇੱਥੇ ਹੀ ਸੰਨ ੧੮੬੨ ਵਿਚ ਕਾਲ-ਵਸ ਹੋਏ ਦੇ ਬਜ਼ੁਰਗ ਗਏ। ਖ਼ਾਨਦਾਨ ਦੇ ਆਪ ਕੁਰੈਸ਼ੀ ਸਨ। ਇਨ੍ਹਾਂ ਸਨ। ਸਿੱਖ ਮੁਸਲਮਾਨ ਬਾਦਸ਼ਾਹਾਂ ਵੇਲੇ ਕਾਜ਼ੀ ਤੇ ਕਾਰਦਾਰ ਉਮਰ ਵਿਚ

Digitized by Panjab Digital Library | www.panjabdigilib.org

ਰਾਜ ਵੇਲੇ ਦਰਬਾਰ ਵਿਚ ਜਗਦਿਓ ਪਿੰਡ ਦੇ ਹਾਸ਼ਮ ਸ਼ਾਹ ਕੁਰੈਸ਼ੀ ਕਰਤਾ 'ਸੱਸੀ ਪੁੰਨੂੰ' ਤੇ 'ਦੋਹੜੇ' ਦੀ ਵਧਦੀ ਜਾ ਰਹੀ ਇੱਜ਼ਤ ਦੇ ਸਾਮ੍ਹਣੇ ਸ਼ਾਹ ਮੁਹੰਮਦ ਦਾ ਖ਼ਾਨਦਾਨ ਕੁਝ ਮੱਧਮ ਪੈ ਗਿਆ। ਸ਼ਾਹ ਮੁਹੰਮਦ ਦੀ ਸਰਕਾਰ ਲਾਹੌਰ ਦੇ ਤੋਪਚੀ ਮੀਆਂ ਸੁਲਤਾਨ ਮਹਿਮੂਦ ਵਾਸੀ ਭਰੋਵਾਲ ਤਹਿਸੀਲ ਤਰਨ ਤਾਰਨ ਨਾਲ ਰਿਸ਼ਤੇ ਦਾਰੀ ਸੀ ਅਤੇ ਮੀਆਂ ਦੀਨ ਮੁਹੰਮਦ ਬਟਾਲੀਏ ਨਾਲ ਆਉਣ-ਜਾਣ ਸੀ। ਸ਼ਾਹ ਮੁਹੰਮਦ ਦੇ ਦੋ ਪੁੱਤਰ ਸਨ, ਮੁਹੰਮਦ ਬਖ਼ਸ਼ ਤੇ ਹਾਸ਼ਮ ਸ਼ਾਹ। ਇਹ ਹਾਸ਼ਮ ਸ਼ਾਹ ਭੀ ਕਵੀ ਸਨ ਅਤੇ 'ਮੁਖ਼ਲਸ' ਤਖ਼ੱਲਸ ਸੀ।

ਹਾਸ਼ਮ ਦੇ ਟਾਕਰੇ ਤੇ ਸ਼ਾਹ ਮੁਹੰਮਦ ਨੇ ਭੀ 'ਸੱਸੀ ਪੁੰਨੂੰ' ਦਾ ਕਿੱਸਾ ਪੰਜਾਬੀ ਬੈਂਤਾਂ ਵਿਚ ਲਿਖਿਆ, ਪਰ ਆਪ ਦੀ ਵਡਿਆਈ ਜ਼ਿਆਦਾ 'ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ' ਕਰਕੇ ਹੈ। ਇਹ ਕਿੱਸਾ ਆਪ ਨੇ ਅੰਗਰੇਜ਼ਾਂ ਨਾਲ ੧੮੪੫-੪੬ ਦੀ ਲੜਾਈ ਤੋਂ ਬਾਦ ਅਤੇ ੧੮੪੮-੪੯ ਦੇ ਮੁਲਤਾਨ ਵਿਦਰੋਹ ਅਤੇ ਚੇਲੀਆਂਵਾਲੇ ਅਤੇ ਗੁਜਰਾਤ ਦਿਆਂ ਜੰਗਾਂ ਤੋਂ ਪਹਿਲਾਂ ਲਿਖਿਆ ਹੈ। ਇਸ ਵਿਚ ਸਿਖ ਰਾਜ ਦੇ ਵੇਲੇ ਪੰਜਾਬ ਵਿਚ ਸੁਖਾਂ-ਭਰੀ ਜ਼ਿੰਦਗੀ, ਹਿੰਦੂਆਂ, ਮੁਸਲਮਾਨਾਂ ਤੇ ਸਿਖਾਂ ਦੇ ਆਪਸ ਵਿਚ ਪਿਆਰ-ਭਰੇ ਸਲੂਕ, ਮਹਾਰਾਜਾ ਰਣਜੀਤ ਸਿੰਘ ਤੋਂ ਬਾਦ ਦੇ ਹਾਲਾਤ, ਅੰਗਰੇਜ਼ਾਂ ਵਲੋਂ ਲੜਾਈ ਦੀ ਛੇੜ, ਸਿੰਘਾਂ ਤੇ ਫ਼ਰੰਗੀਆਂ ਦੇ ਘੋਰ ਯੁਧ, ਅਤੇ ਪੰਜਾਬ ਵਿਚ ਅੰਗਰੇਜ਼ਾਂ ਦੇ ਆਵਣ ਦੇ ਹਾਲਾਤ ਦਿੱਤੇ ਹੋਏ ਹਨ।

## ਲੜਾਈ ਕਿਵੇਂ ਛਿੜੀ--

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਆਰੰਭ ਤੋਂ ਹੀ ਅੰਗਰੇਜ਼ ਪੰਜਾਬ ਦੀ ਸਰਹੱਦ ਉੱਤੇ ਆ ਬੈਠੇ ਸਨ ਅਤੇ ਹੌਲੀ ਹੌਲੀ ਉਸ ਦੀ ਵਧ ਰਹੀ ਤਾਕਤ ਵਿਚ ਰੁਕਾਵਟਾਂ ਪੈਦਾ ਕਰਨ ਦੇ ਯਤਨ ਵਿਚ ਲੱਗੇ ਹੋਏ ਹਨ। ਉਸ ਦੇ ਜੀਉਂਦੇ ਜੀ ਸਿੰਧ ਤੇ ਬਲੋਚਿਸਤਾਨ ਦੇ ਅਮੀਰਾਂ, ਬਹਾਵਲਪੁਰ ਦੇ ਨਵਾਬ ਅਤੇ ਮਾਲਵੇ ਦੇ ਸਿਖ ਰਾਜਿਆਂ ਤੇ ਸਰਦਾਰਾਂ

Digitized by Panjab Digital Library | www.panjabdigilib.org

ਨਾਲ ਦੋਸਤੀਆਂ ਪਾ ਕੇ ਪੰਜਾਬ ਦੀਆਂ ਹੱਦਾਂ ਉੱਤੇ ਆਪਣੇ ਡੇਰੇ ਪੱਕੇ ਪੈਰੀਂ ਕਰੀ ਜਾਣ ਤੋਂ ਬਿਨਾਂ ਇਨ੍ਹਾਂ ਨੂੰ ਹੋਰ ਕੋਈ ਖ਼ਾਸ ਸਫਲਤਾ ਪ੍ਰਾਪਤ ਨਹੀਂ ਸੀ ਹੋ ਸਕੀ, ਪਰ ਉਸ ਦੇ ਅੱਖਾਂ ਮੀਟਣ ਦੀ ਡੇਰ ਸੀ ਕਿ ਇਨ੍ਹਾਂ ਨੇ ਸਿੱਖ ਰਾਜ ਦੇ ਨੌਕਰਾਂ ਨੂੰ ਆਪਣੇ ਨਾਲ ਗੰਢਣਾਂ ਸ਼ੁਰੂ ਕਰ ਦਿੱਤਾ। ਅਮੀਰ ਦੋਸਤ ਮੁਹੰਮਦ ਦੇ ਵਿਰੁਧ ਅਫਗਾਨਿਸਤਾਨ ਦੀ ਪਹਿਲੀ ਮੁਹਿੰਮ ਵੇਲੇ ਈਸਟ ਇੰਡੀਆ ਕੰਪਨੀ ਦੇ ਵੱਡੇ ਅਫਸਰਾਂ ਨੇ ਗੁਲਾਬ ਸਿੰਘ ਡੋਗਰੇ ਨੂੰ ਇਲਾਕਿਆਂ ਦੇ ਲਾਲਚ ਨਾਲ ਫਾਹੁਣ ਦੀ ਗੋਂਦ ਗੁੰਦੀ। ਅਫਗਾਨਿਸਤਾਨ ਵਿਚ ਆਪਣੇ ਪੈਰ ਪੱਕੇ ਕਰਨ ਲਈ ਪਿਸ਼ਾਵਰ ਉੱਤੇ ਅੱਖ ਰੱਖ ਲਈ। ਮਹਾਰਾਜਾ ਸ਼ੇਰ ਸਿੰਘ ਦੇ ਮਾਰੇ ਜਾਣ ਪਿੱਛੋਂ ਹੋਏ ਖ਼ੂਨ-ਖ਼ਰਾਬੇ ਨੇ ਇਨ੍ਹਾਂ ਦੇ ਹੌਸਲੇ ਵਧਾ ਦਿੱਤੇ। ਤਖ਼ਤ ਦਾ ਵਾਲੀ ਮਹਾਰਾਜਾ ਦਲੀਪ ਸਿੰਘ ਚੂੰਕਿ ਨਾਬਾਲਗ ਬੱਚਾ ਸੀ ਇਸ ਲਈ ਸੌਖੇ ਹੀ ਉਸ ਦੀ ਹਕੂਮਤ ਨੂੰ ਉਲਟਾ ਸਕਣ ਦੇ ਖ਼ਿਆਲ ਨਾਲ ਫ਼ੌਜੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਲੋੜ ਪੈਣ ਪਰ ਸਤਲੁਜ ਪਾਰ ਕਰਨ ਲਈ ਪੁਲ ਬਣਾਉਣ ਵਾਲੀਆਂ ਬੇੜੀਆਂ ਭੀ ਫ਼ੀਰੋਜ਼ਪੁਰ ਲਿਆ ਇਕੱਠੀਆਂ ਕੀਤੀਆਂ। ਹਿੰਦੁਸਤਾਨ ਅਤੇ ਇੰਗਲਿਸਤਾਨ ਦੇ ਲੋਕਾਂ ਨੂੰ ਇਸ ਛੇਈ ਜਾ ਰਹੀ ਲੜਾਈ ਦੀ ਖ਼ਬਰ ਸੁਣਨ ਲਈ ਤਿਆਰ ਕਰਨ ਵਾਸਤੇ ਪ੍ਰਾਪੇਗੰਡਾ ਭੀ ਸ਼ੁਰੂ ਕਰ ਦਿੱਤਾ ਅਤੇ ਅਕਾਰਣ ਹੀ ਧੁਮਾਣਾ ਸ਼ੁਰੂ ਕਰ ਦਿੱਤਾ ਕਿ 'ਸਿਖ ਆ ਰਹੇ ਹਨ'।

ਲਾਰਡ ਐਲਨਬਰੋ ਦੇ ਵਾਪਸ ਇੰਗਲਿਸਤਾਨ ਬੁਲਾਏ ਜਾਣ ਪਰ ਸਰ ਹੈਨਰੀ ਹਾਰਡਿੰਗ ਹਿੰਦੁਸਤਾਨ ਦਾ ਨਵਾਂ ਗਵਰਨਰ-ਜਨਰਲ ਬਣ ਕੇ ਆਇਆ ਤੇ ਜੁਲਾਈ ੧੮੪੪ ਦੇ ਆਖ਼ਰੀ ਹਫ਼ਤੇ ਇੱਥੇ ਪੁੱਜਾ। ਇਸ ਨੇ ਆਉਂਦੇ ਹੀ ਜਾਰਜ ਬਰੌਡਫ਼ੁਟ ਨਾਮੀ ਇਕ ਪੋਲੀਟੀਕਲ ਅਫ਼ਸਰ ਨੂੰ ਜੋ ਲੜਾ-ਈਆਂ ਖੜੀਆਂ ਕਰਨ ਵਿਚ ਬੜਾ ਤਾਕ ਸੀ, ਤਨ ਸਿਰਮ ਤੋਂ ਬਦਲ ਕੇ ਪੰਜਾਬ ਦੀ ਹੱਦ ਉੱਤੇ ਫ਼ੀਰੋਜ਼ਪੁਰ ਲੈ ਆਂਦਾ। ਬਰੌਡਫੁਟ ਨੇ ਇੱਥੇ ਪੁੱਜ ਕੇ ਲਾਹੌਰ ਰਾਜ ਵਿਚ ਆਪਣੇ ਆਦਮੀ ਭੇਜ ਕੇ ਫੁੱਟ ਪਾਉਣ ਦੇ ਯਤਨ ਆਰੰਭੇ ਅਤੇ ਸਿੰਘਾਂ ਨੂੰ ਉਕਸਾਉਣ ਲਈ ਛੇੜਖਾਨੀ ਸ਼ੁਰੂ ਕਰ ਦਿੱਤੀ। ਸਤਲੁਜ ਦੇ ਦੱਖਣ ਨੂੰ ਸਰਕਾਰ ਪੰਜਾਬ ਦਾ ਕਾਫ਼ੀ ਇਲਾਕਾ

Digitized by Panjab Digital Library / www.panjabdigilib.org

ਸੀ ਜਿੱਥੇ ਦਾ ਪ੍ਰਬੰਧ ਕਿ ਪੰਜਾਬ ਦੇ ਅਫ਼ਸਰ ਕਰਿਆ ਕਰਦੇ ਸਨ। ਸੰਨ ੧੮੪੫ ਦੀ ਮਾਰਚ ਵਿਚ ਜਦ ਲਾਹੌਰੋਂ ਭਾਈ ਬਿਸ਼ਨ ਸਿੰਘ ਬੇਦੀ ਅਦਾਲਤ ਦੇ ਕੰਮ ਲਈ ਗਿਆ ਤਾਂ ਬਰੌਡਫ਼ੁਟ ਨੇ ਇਹ ਬਹਾਨਾ ਲਾ ਕੇ ਕਿ ਬੇਦੀ ਸਾਹਿਬ ਦੇ ਉਠਾਂ ਘੋੜਿਆਂ ਨੇ ਕੁਝ ਫ਼ਸਲ ਦਾ ਨੁਕਸਾਨ ਕਰ ਦਿੱਤਾ ਹੈ, ਉਨ੍ਹਾਂ ਨੂੰ ਵਾਪਸ ਚਲੇ ਜਾਣ ਦਾ ਹੁਕਮ ਦੇ ਦਿੱਤਾ ਅਤੇ ਕੁਝ ਫ਼ੌਜ ਜਮਾ ਕਰ ਲਈ। ਜਦ ਭਾਈ ਬਿਸ਼ਨ ਸਿੰਘ ਝਗੜੇ ਦੀ ਕੋਈ ਵਜਾ ਬਣਨ ਦੇਣ ਤੋਂ ਬਿਨਾਂ ਹੀ ਪਿੱਛੇ ਨੂੰ ਮੁੜ ਪਏ ਤਾਂ ਬਰੌਡਫ਼ੁਟ ਨੇ ਇਹ ਢੱਚਰ ਡਾਹ ਕੇ ਕਿ ਉਨ੍ਹਾਂ ਨੇ ਨੁਕਸਾਨ ਦਾ ਮੁੱਲ ਨਹੀਂ ਭਰਿਆ, ਈਸਟਰ ਵਾਲੇ ਦਿਨ ੧੬੦ ਪਿਆਦਿਆਂ ਅਤੇ ਘੋੜ-ਚੜ੍ਹਿਆਂ ਨਾਲ ਹੱਲਾ ਬੋਲ ਦਿੱਤਾ। ਭਾਈ ਬਿਸ਼ਨ ਸਿੰਘ ਦੀ ਆਖ਼ਰੀ ਬੇੜੀ ਫੜ ਲਈ ਅਤੇ ਦਰਿਆ ਵਿਚ ਜਾ ਰਹੀਆਂ ਬੇੜੀਆਂ ਉੱਤੇ ਗੋਲੀ ਚਲਾ ਦਿੱਤੀ ਜਿਸ ਨਾਲ ਇਕ ਆਦਮੀ ਮਾਰਿਆ ਗਿਆ। ਬਰੌਡਫ਼ੁਟ ਦਾ ਅਸਿਸਟੈਂਟ ਰੌਬਰਟ ਐਨ. ਕਸਟ, ਜੋ ਇਸ ਵੇਲੇ ਨਾਲ ਸੀ, ਲਿਖਦਾ ਹੈ ਕਿ ਸਿੱਖਾਂ ਨਾਲ ਲੜਾਈ ਦੀ ਇਹ ਪਹਿਲੀ ਗੋਲੀ ਸੀ ਜੋ ਅੰਗਰੇਜ਼ਾਂ ਦੇ ਪੋਲੀਟੀਕਲ ਅਫ਼ਸਰ ਬਰੌਡਫ਼ੁਟ ਵਲੋਂ ਚਲਾਈ ਗਈ।

ਇਸ ਤਰਾਂ ਦੀਆਂ ਤਿਆਰੀਆਂ ਤੇ ਉਕਸਾਹਟਾਂ ਨੇ ਸਿੰਘਾਂ ਨੂੰ ਯਕੀਨ ਦਿਲਾ ਦਿੱਤਾ ਕਿ ਅੰਗਰੇਜ਼ ਸਿੰਧ ਵਾਂਙੂ ਅਕਾਰਣ ਹੀ ਪੰਜਾਬ ਦਾ ਰਾਜ ਭੀ ਖੋਹਣ ਨੂੰ ਤਿਆਰ ਹੋ ਪਏ ਹਨ। ਇਸ ਲਈ ਉਨ੍ਹਾਂ ਭੀ ਤਿਆਰੀ ਸ਼ੁਰੂ ਕਰ ਦਿੱਤੀ, ਅਤੇ ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਅੰਗਰੇਜ਼ੀ ਫ਼ੌਜਾਂ ਪੰਜਾਬ ਦੀ ਸਰਹੱਦ ਵਲ ਚੜ੍ਹੀਆਂ ਆ ਰਹੀਆਂ ਹਨ ਤਾਂ ਉਹ ਆਪਣੇ ਦੇਸ ਦੀ ਰਾਖੀ ਲਈ ਸਤਲੁਜੋਂ ਪਾਰ ਹੋ ਕੇ ਆਪਣੇ ਇਲਾਕੇ ਵਿਚ ਜਾ ਉੱਤਰੇ। ਇੱਥੇ ਪੁੱਜਣ ਦੀ ਡੇਰ ਸੀ ਕਿ ਅੰਗਰੇਜ਼ਾਂ ਨੇ ਸਰਕਾਰ ਪੰਜਾਬ ਅਤੇ ਸਰਕਾਰ ਕਪੂਰਥਲਾ ਦੇ ਸਤਲੁਜ ਦੇ ਦੱਖਣ ਵਲ ਦੇ ਇਲਾਕੇ ਜ਼ਬਤ ਕਰ ਲੈਣ ਅਤੇ ਲੜਾਈ ਛੇੜ ਦੇਣ ਦਾ ਐਲਾਨ ਕਰ ਦਿੱਤਾ। ਸ਼ਾਹ ਮੁਹੰਮਦ ਇਸ ਛੇੜ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹੈ:—

Digitized by Panjab Digital Library / www.panjabdigilib.org

ਚੜ੍ਹਿਆ ਨੰਦਨੋਂ ਲਾਟ ਉਠਾਇ ਬੀੜਾ
ਡੇਰਾ ਪਾਂਵਦਾ ਵਿਚ ਮੈਦਾਨ ਮੀਆਂ ।
ਸ਼ਾਹ ਮੁਹੰਮਦਾ ਗੋਰਿਆਂ ਛੇੜ ਛੇੜੀ
ਮੁਲਖ ਪਾਰ ਦਾ ਮੱਲਿਆ ਆਣ ਮੀਆਂ । ੫੦ ।

ਜਦੋਂ ਫ਼ਰਾਂਸੀਸੀ ਅਫ਼ਸਰਾਂ ਨੂੰ ਕਸ਼ਮੀਰ ਵਲ ਜਾਣ ਦਾ ਹੁਕਮ ਹੋਇਆ (ਸ਼ਾਇਦ ਅੰਗਰੇਜ਼ਾਂ ਨਾਲ ਰਲੇ ਹੋਏ ਸਰਕਾਰ ਲਾਹੌਰ ਦੇ ਕਮਾਂਡਰ ਇਨ-ਚੀਫ਼ ਤੇਜ ਸਿੰਘ ਪੂਰਬੀਏ ਬਰਾਹਮਣ ਨੇ ਅੰਗਰੇਜ਼ਾਂ ਦੀ ਕਾਮਯਾਬੀ ਨੂੰ ਪੱਕਾ ਕਰਨ ਲਈ ਫ਼ਰਾਂਸੀਸੀ ਅਫ਼ਸਰਾਂ ਨੂੰ ਲਾਂਭੇ ਰੱਖਣ ਵਾਸਤੇ ਇਹ ਬਿਉਤ ਬਣਾਈ ਹੋਵੇ) ਤਾਂ

ਉਨ੍ਹਾਂ ਰੱਬ ਦਾ ਵਾਸਤਾ ਪਾਇਆ ਈ
ਮਾਈ ਫੜੀ ਨਾ ਕੁਝ ਤਕਸੀਰ ਨੂੰ ਜੀ ।
ਪਾਰੋਂ ਮੁਲਕ ਫਰੰਗੀਆਂ ਮੱਲ ਲਿਆ
ਅਸੀਂ ਮਾਰਾਂਗੇ ਓਸ ਬੇ-ਪੀਰ ਨੂੰ ਜੀ ।
ਸ਼ਾਹ ਮੁਹੰਮਦਾ ਆਇ ਨੀ ਹੋਰ ਪਰਿਉਂ
ਅਸਾਂ ਡੱਕਣਾ ਓਸ ਵਹੀਰ ਨੂੰ ਜੀ । ੫੧ ।

ਜਦ ਅੰਗਰੇਜ਼ੀ ਫ਼ੌਜਾਂ ਦੇ ਪੰਜਾਬ ਵਲ ਨੂੰ ਚੜ੍ਹੀਆਂ ਆ ਰਹੀਆਂ ਹੋਣ ਦੀਆਂ ਖ਼ਬਰਾਂ ਸਿੰਘਾਂ ਸੁਣੀਆਂ ਤਾਂ

ਸੁਣ ਕੇ ਖ਼ਬਰ ਫ਼ਰੰਗੀ ਦੀ ਚੜ੍ਹ ਸੱਭੇ
ਫ਼ੌਜਾਂ ਬੇ-ਮੁਹਾਰੀਆਂ ਹੋਇ ਤੁਰੀਆਂ ।
ਅੱਗੇ ਵਾਰ ਕੁਵਾਰ ਨ ਕਿਨੇ ਡਿੱਠਾ
ਇਕ ਦੂਸਰੇ ਦੇ ਅੱਗੇ ਲੱਗ ਟੁਰੀਆਂ । ੬੦ ।

## ਮਾਈ ਜਿੰਦ ਕੌਰ ਸੰਬੰਧੀ—

ਸ਼ਾਹ ਮੁਹੰਮਦ ਨੇ ਥਾਂ ਥਾਂ ਤੇ ਰਾਜ-ਮਾਤਾ ਮਹਾਰਾਣੀ ਜਿੰਦ ਕੌਰ

Digitized by Panjab Digital Library / www.panjabdigilib.org

ਨੂੰ ਇਸ ਜੰਗ ਦਾ ਕਾਰਣ ਦੱਸਿਆ ਹੈ ਤੇ ਕਿਹਾ ਹੈ ਕਿ ਉਸ ਨੇ ਆਪਣੇ ਭਾਈ ਸਰਦਾਰ ਜਵਾਹਿਰ ਸਿੰਘ ਦਾ ਬਦਲਾ ਲੈਣ ਲਈ ਸਿੱਖ ਫ਼ੌਜਾਂ ਨੂੰ ਅੰਗਰੇਜ਼ਾਂ ਦੇ ਵਿਰੁਧ ਝੋਕ ਦਿੱਤਾ। ਅਸਲ ਗੱਲ ਇਹ ਹੈ ਕਿ ਅੰਗਰੇਜ਼ਾਂ ਨੇ ਸਿਖ ਦਰਬਾਰ ਦੇ ਦੋ ਸਭ ਤੋਂ ਵੱਡੇ ਅਫਸਰਾਂ ਮਿੱਸਰ ਤੇਜ ਸਿੰਘ ਪੂਰਬੀਏ ਕਮਾਂਡਰ-ਇਨ-ਚੀਫ਼ ਨੂੰ, ਜੋ ਏਕੜੀ ਜ਼ਿਲਾ ਮੇਰਠ ਦਾ ਰਹਿਣ ਵਾਲਾ ਸੀ, ਅਤੇ ਵੱਡੇ ਵਜ਼ੀਰ ਮਿੱਸਰ ਲਾਲ ਸਿੰਘ ਨੂੰ ਅੰਦਰੋ ਅੰਦਰ ਆਪਣੇ ਨਾਲ ਗੰਢ ਲਿਆ ਸੀ ਤੇ ਇਨ੍ਹਾਂ ਨੇ ਅੰਗਰੇਜ਼ਾਂ ਵਿਰੁਧ ਲੜੀ ਜਾਣ ਵਾਲੀ ਲੜਾਈ ਦਾ ਨਕਸ਼ਾ ਪਹਿਲਾਂ ਹੀ ਅੰਗਰੇਜ਼ਾਂ ਨੂੰ ਦੇ ਦਿੱਤਾ ਸੀ, ਅਤੇ ਲੜਾਈ ਵੇਲੇ ਭੀ ਉਨ੍ਹਾਂ ਦੀ ਸਲਾਹ ਨਾਲ ਹੀ ਇਹ ਆਪਣੀਆਂ ਫੌਜਾਂ ਨੂੰ ਤੋਰਦੇ, ਚਲਾਉਂਦੇ, ਭਜਾਉਂਦੇ ਤੇ ਹਰਾਉਂਦੇ ਰਹੇ, ਇਸ ਲਈ ਆਪਣੀ ਗ਼ੱਦਾਰੀ ਦੇ ਕੰਮਾਂ ਨੂੰ ਲੁਕਾਉਣ ਲਈ ਇਨ੍ਹਾਂ ਨੇ ਸਭ ਕੁਝ ਮਾਈ ਜਿੰਦ ਕੌਰ ਦੇ ਮੱਥੇ ਮੜ੍ਹ ਦਿੱਤਾ ਅਤੇ ਧੁਮਾ ਦਿੱਤਾ ਕਿ ਉਹ ਸਾਰੇ ਕੰਮ ਮਹਾਰਾਣੀ ਜਿੰਦ ਕੌਰ ਦੇ ਹੁਕਮ ਨਾਲ ਕਰ ਰਹੇ ਹਨ। ਨਾਂ ਕਿਸੇ ਨੇ ਮਹਾਰਾਣੀ ਨੂੰ ਜਾ ਕੇ ਪੁੱਛਿਆ ਅਤੇ ਨਾਂ ਹੀ ਉਸ ਸੰਬੰਧੀ ਫੈਲਾਈ ਗਈ ਊਜ ਦੀ ਸਫ਼ਾਈ ਹੋ ਸਕੀ।

ਆਮ ਆਦਮੀਆਂ ਨੂੰ ਰਾਜ ਦੀਆਂ ਅੰਦਰ ਦੀਆਂ ਗੁੱਝੀਆਂ ਗੱਲਾਂ ਦਾ ਪਤਾ ਨਹੀਂ ਹੁੰਦਾ ਅਤੇ ਚਾਤੁਰ ਲੋਕ ਇਨ੍ਹਾਂ ਦੀ ਨਜ਼ਰ ਅਤੇ ਨੁਕਤਾ-ਚੀਨੀ ਤੋਂ ਬਚਣ ਲਈ ਕੁਝ ਹੋਰ ਦਾ ਹੋਰ ਧੁਮਾ ਕੇ ਆਪਣੀ ਬਲਾ ਪਰਾਏ ਗਲ ਮੜ੍ਹ ਦਿੰਦੇ ਹਨ। ਮਾਈ ਜਿੰਦ ਕੌਰ ਦੇ ਭਾਈ ਸਰਦਾਰ ਜਵਾਹਰ ਸਿੰਘ ਦੇ ਮਾਰੇ ਗਏ ਨੂੰ ਚੂੰਕਿ ਥੋੜਾ ਚਿਰ ਹੀ ਹੋਇਆ ਸੀ ਅਤੇ ਉਸ ਦਿਨ ਮਾਈ ਵਲੋਂ ਸਿਖ ਫ਼ੌਜਾਂ ਨੂੰ ਸੋਗ ਅਤੇ ਗੁੱਸੇ ਵਿਚ ਕੋਸਣਾ ਲੋਕਾਂ ਨੂੰ ਤਾਜ਼ਾ ਹੀ ਯਾਦ ਸੀ ਇਸ ਲਈ ਉਹ ਮਿੱਸਰ ਤੇਜ ਸਿੰਘ ਅਤੇ ਲਾਲ ਸਿੰਘ ਦੇ ਧੋਖੇ ਵਿਚ ਆ ਗਏ ਅਤੇ ਲੜਾਈ ਦੇ ਸੰਬੰਧ ਵਿਚ ਇਨ੍ਹਾਂ ਵਲੋਂ ਆਖੀਆਂ ਤੇ ਉਡਾਈਆਂ ਗਈਆਂ ਗੱਲਾਂ ਨੂੰ ਸੱਚ ਮੰਨ ਗਏ। ਸ਼ਾਹ ਮੁਹੰਮਦ ਰਾਜ-ਦਰਬਾਰ ਵਿਚ ਯਾ ਮਿੱਸਰਾਂ ਦਾ ਖ਼ਾਸ ਭੇਤੀ ਤਾਂ ਹੈ ਨਹੀਂ ਸੀ ਕਿ ਉਹ ਅਸਲੀਅਤ ਦਾ ਜਾਣੂ ਹੁੰਦਾ। ਉਸ ਨੇ ਭੀ

Digitized by Panjab Digital Library | www.panjabdigilib.org

ਜੋ ਸੁਣਿਆ ਸੀ, ਲਿਖ ਦਿੱਤਾ। ਕੁਝ ਵਿਚਾਰਵਾਨਾਂ ਦਾ ਇਹ ਭੀ ਖ਼ਿਆਲ ਹੈ ਕਿ ਸ਼ਾਹ ਮੁਹੰਮਦ ਨੇ ਸ਼ਾਇਦ ਮਿੱਸਰਾਂ ਦੇ ਉਸ ਨੂੰ ਖ਼ੁਦ ਦੱਸਣ ਯਾ ਆਖਣ ਯਾ ਕਿਸੇ ਦੀ ਰਾਹੀਂ ਅਖਵਾਉਣ ਅਤੇ ਦੱਸਣ ਪਰ ਇਹ ਕੁਝ ਲਿਖਿਆ ਹੋਵੇ ਅਤੇ ਇਤਨੇ ਜ਼ੋਰਦਾਰ ਸ਼ਬਦ ਮਹਾਰਾਣੀ ਜਿੰਦ ਕੌਰ ਦੇ ਵਿਰੁਧ ਵਰਤੇ ਹੋਣ ਤਾਕਿ ਆਮ ਪਬਲਿਕ ਵਿਚ ਸਾਰੀ ਬਦਨਾਮੀ ਮਹਾਰਾਣੀ ਜਿੰਦ ਕੌਰ ਦੇ ਮੱਥੇ ਲੱਗ ਜਾਏ ਅਤੇ ਅਸਲੀ ਗ਼ੱਦਾਰਾਂ ਉੱਤੇ ਕਿਸੇ ਨੂੰ ਸ਼ੱਕ ਹੀ ਨਾ ਪਏ। ਇਕ ਦਲੀਲ ਉਹ ਇਹ ਭੀ ਦਿੰਦੇ ਹਨ ਕਿ ਇਸ ਲੜਾਈ ਵਿਚ ਮਿੱਸਰਾਂ ਦੀ ਗ਼ੱਦਾਰੀ ਇਤਨੀ ਉੱਘੀ ਹੋ ਗਈ ਹੋਈ ਸੀ ਕਿ ਕਵੀ ਮਟਕ ਨੇ ਸਾਫ਼ ਤੇ ਖੁਲ੍ਹੇ ਸ਼ਬਦਾਂ ਵਿਚ ਤੇਜ ਸਿੰਘ ਤੇ ਲਾਲ ਸਿੰਘ ਨੂੰ ਗ਼ੱਦਾਰ ਤੇ ਗੀਦੀ ਠਹਿਰਾਇਆ ਹੈ ਅਤੇ ਉਨ੍ਹਾਂ ਦੀਆਂ ਬਾਹਰਲੀਆਂ ਮਿੱਠੀਆਂ ਗੱਲਾਂ ਅਤੇ ਅੰਦਰਲੇ ਖੋਟ ਦਾ ਜ਼ਿਕਰ ਕਰਦੇ ਹੋਏ ਕਿਹਾ ਹੈ ਕਿ

ਦੋ ਮਹੀਨੇ ਰਹੇ ਉੱਤਰੇ
  ਸਤਲੁਦਰ ਦੇ ਸਿਰ੍ਹਾਣੇ  ਵਡੇ ਸਿਆਣੇ।
ਤੇਜ ਸਿੰਘ ਔ ਲਾਲ ਸਿੰਘ
  ਹੈਣ ਮੁਸਾਹਿਬ ਪੁਰਾਣੇ  ਕਰਦੇ ਭਾਣੇ।
ਬਾਹਰੋਂ ਗੱਲਾਂ ਕਰਨ ਮਿੱਠੀਆਂ
  ਅੰਦਰੋ ਖੋਟ ਕਮਾਣੇ  ਕਰਦੇ ਭਾਣੇ।
  ... ... ... ... ।੨੬।

ਲਾਲੂ ਦੀ ਲਾਲੀ ਗਈ ਤੇਜੂ ਦਾ ਗਿਆ ਤੇਜ।
ਰਣ ਵਿਚ ਪਿੱਠ ਦਿਖਾਇ ਕੇ ਮੋੜਾ ਆਏ ਫੇਰ।
ਮੋੜਾ ਆਏ ਫੇਰਿ ਮੂੜ੍ਹੀ ਮੁਰਦਾਨ ਸਦਾਵਨ।
ਦੁਸ਼ਾਲੇ ਹੰਢਾਏ ਗੀਦੀਆਂ ਮੁਫ਼ਤ ਗੁਵਾਵਨ।
ਕਹਿਤ ਮਟਕ ਵਿਚ ਜਗਤ ਦੇ ਹੋਤੀ ਚਰਚ ਵਿਚਾਰ।
ਲਾਲੂ ਤੇਜੂ ਨੱਠ ਕੇ ਆਇ ਪੀਠ ਦਿਖਾਰ। ੩੪।

Digitized by Panjab Digital Library / www.panjabdigilib.org

ਪਰ ਸ਼ਾਹ ਮੁਹੰਮਦ ਇਨ੍ਹਾਂ ਦੇ ਨਿੰਦਨੀਯ ਕੰਮਾਂ ਉੱਤੇ ਪਰਦਾ ਪਾਈ ਰਖਦਾ ਹੈ ਅਤੇ ਪੰਜਾਬੀਆਂ ਦੇ ਸਾਰੇ ਗੁੱਸੇ ਨੂੰ ਇਨ੍ਹਾਂ ਵਲੋਂ ਹੋੜ ਕੇ ਮਾਈ ਜਿੰਦ ਕੌਰ ਵਲ ਕਰ ਦਿੰਦਾ ਹੈ। ਹੋ ਸਕਦਾ ਹੈ ਕਿ ਸ਼ਾਹ ਮੁਹੰਮਦ ਨੇ ਆਪਣਾ ਕਿੱਸਾ ਉਸ ਵੇਲੇ ਲਿਖਿਆ ਹੋਵੇ ਜਦ ਕਿ ਮਿੱਸਰ ਤੇਜਾ ਸਿੰਘ ਆਦਿ ਦੀ ਸਲਾਹ ਨਾਲ ਅੰਗਰੇਜ਼ਾਂ ਨੇ ਮਹਾਰਾਣੀ ਜਿੰਦ ਕੌਰ ਨੂੰ ਸ਼ੇਖੂਪੁਰੇ ਦੇ ਕਿਲੇ ਵਿਚ ਯਾ ਦੇਸ-ਨਿਕਾਲਾ ਦੇ ਕੇ ਬਨਾਰਸੋਂ ੧੬ ਮੀਲ ਦੱਖਣ-ਲਹਿੰਦੇ ਵਲ ਮਿਰਜ਼ਾ ਪੁਰ ਦੇ ਜ਼ਿਲੇ ਵਿਚ ਚੁਨਾਰ ਦੇ ਕਿਲੇ ਵਿਚ ਕੈਦ ਕਰ ਦਿੱਤਾ ਸੀ ਜਿੱਥੋਂ ਕਿ ਮਹਾਰਾਣੀ ਵਲੋਂ ਕੋਈ ਤਰਦੀਦ ਕੀਤੀ ਹੀ ਨਹੀਂ ਸੀ ਜਾ ਸਕਦੀ। ਸ਼ਾਹ ਮੁਹੰਮਦ ਨੂੰ ਵੇਲੇ ਸਿਰ ਅਸਲੀਅਤ ਦਾ ਪਤਾ ਨਹੀਂ ਲੱਗਾ ਜਾਂ ਉਹ ਕਿਸੀ ਕਾਰਣ ਜਾਣ ਬੁੱਝ ਕੇ ਮਿੱਸਰਾਂ ਦਾ ਪੱਖ ਕਰ ਗਿਆ ਹੈ, ਇਹ ਰੱਬ ਜਾਣੇ। ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਤਨੇ ਭੀ ਸਰਕਾਰੀ ਯਾ ਗ਼ੈਰ-ਸਰਕਾਰੀ ਰੀਕਾਰਡ, ਸਮਕਾਲੀ ਪੁਸਤਕ ਅਤੇ ਹੋਰ ਲਿਖਤੀ ਸਬੂਤ ਮਿਲਦੇ ਹਨ, ਉਨ੍ਹਾਂ ਸਭ ਤੋਂ ਇਹ ਸਪਸ਼ਟ ਪਰਤੀਤ ਹੁੰਦਾ ਹੈ ਕਿ ਮਿੱਸਰ ਤੇਜ ਸਿੰਘ ਤੇ ਲਾਲ ਸਿੰਘ ਅੰਗਰੇਜ਼ਾਂ ਨਾਲ ਰਲੇ ਹੋਏ ਸਨ ਅਤੇ ਉਨ੍ਹਾਂ ਦੇ ਇਸ਼ਾਰੇ ਉੱਤੇ ਕੰਮ ਕਰਦੇ ਸਨ। ਦੂਸਰੇ ਪਾਸੇ ਕੋਈ ਇਕ ਭੀ ਐਸੀ ਲਿਖਤ ਨਹੀਂ ਜਿਸ ਤੋਂ ਇਹ ਸਿੱਧ ਹੋਵੇ ਕਿ ਮਹਾਰਾਣੀ ਨੇ ਫ਼ੌਜਾਂ ਕੋਲੋਂ ਬਦਲਾ ਲੈਣ ਸਬੰਧੀ ਅੰਗਰੇਜ਼ਾਂ ਨਾਲ ਕੋਈ ਲਿਖਾ-ਪੜ੍ਹੀ ਕੀਤੀ ਸੀ। ਇਹ ਵਾਧੂ ਮਨ-ਘੜਤ ਕਲਪਣਾ ਤੇ ਝੂਠੀ ਊਜ ਦਿਸਦੀ ਹੈ ਅਤੇ ਮਹਾਰਾਣੀ ਜਿੰਦ ਕੌਰ ਇਸ ਮੁਆਮਲੇ ਵਿਚ ਬਿਲਕੁਲ ਨਿਰਦੋਸ਼ ਹੈ।

ਇਸੇ ਤਰ੍ਹਾਂ ਕਿਸੇ ਨੇ ਇਕ ਗੱਪ ਇਹ ਭੀ ਉਡਾਈ ਹੋਈ ਹੈ ਕਿ ਮਹਾਰਾਣੀ ਨੇ ਲੜਾਈ ਵੇਲੇ ਲਾਹੌਰੋਂ ਬਾਰੂਦ ਦੀ ਥਾਂ ਸਰਹੋਂ ਦੀਆਂ ਬੋਰੀਆਂ ਭੇਜ ਦਿੱਤੀਆਂ ਸਨ ਅਤੇ ਜਦ ਸਿੰਘਾਂ ਨੇ ਉਸ ਨਾਲ ਵੈਰੀ ਦਾ ਕੋਈ ਨੁਕਸਾਨ ਹੁੰਦਾ ਨਾ ਡਿੱਠਾ ਤਾਂ ਉਹ ਨਿਰਾਸ ਹੋ ਕੇ ਮੈਦਾਨੋਂ ਭੱਜ ਨਿਕਲੇ। ਕੋਈ ਪੁੱਛੇ ਕਿ ਕੀ ਮਹਾਰਾਣੀ ਲਾਹੌਰ ਦੇ ਬਾਰੂਦ-ਖਾਨੇ ਯਾ ਸਟੋਰ ਦੀ ਇਨਚਾਰਜ ਸੀ ਯਾ ਓਥੇ ਬੋਰੀਆਂ ਭਰਨ ਤੇ ਸੀਊਣ ਦਾ ਕੰਮ

Digitized by Panjab Digital Library / www.panjabdigilib.org

ਕਰਦੀ ਸੀ ਕਿ ਕਿਸੇ ਨੂੰ ਪਤਾ ਲੱਗਣ ਤੋਂ ਬਗ਼ੈਰ ਹੀ ਉਸ ਨੇ ਬਰੂਦ ਦੀ ਥਾਂ ਸਰਹੋਂ ਭੇਜ ਦਿੱਤੀ। ਕੀ ਸਿੱਖ ਸਿਪਾਹੀ ਇਤਨੇ ਅਨਜਾਣ ਸਨ ਕਿ ਓਹ ਸਰਹੋਂ ਅਤੇ ਬਰੂਦ ਵਿਚ ਭੀ ਪਛਾਣ ਨਾ ਕਰ ਸਕੇ । ਕੀ ਇਕੱਲੇ ਇਕੱਲੇ ਸਿਪਾਹੀ ਨੂੰ ਬਾਰੂਦ ਬੋਰੀਆਂ ਵਿਚ ਵੰਡਿਆ ਜਾਂਦਾ ਹੈ ? ਇਹ ਐਸੀਆਂ ਗੱਲਾਂ ਹਨ ਜਿਹੜੀਆਂ ਕਿਸੇ ਭੀ ਸਿਆਣੇ ਬੰਦੇ ਨੂੰ ਧੋਖਾ ਨਹੀਂ ਦੇ ਸਕਦੀਆਂ ।

## ਸ਼ਾਹ ਮੁਹੰਮਦ ਦਾ ਦੇਸ-ਪਿਆਰ—

ਆਪਣੇ ਦੇਸ ਦੀ ਆਜ਼ਾਦੀ ਨੂੰ ਬਚਾਉਣ ਲਈ ਜਦ ਪੰਜਾਬ ਦੇ ਜਵਾਨ ਫ਼ਰੰਗੀਆਂ ਦੇ ਟਾਕਰੇ ਲਈ ਨਿਕਲਦੇ ਹਨ ਤਾਂ ਸ਼ਾਹ ਮੁਹੰਮਦ ਉਨ੍ਹਾਂ ਦੀ ਚੜ੍ਹਤਲ ਦਾ ਜ਼ਿਕਰ ਬੜੇ ਮਾਣ ਨਾਲ ਕਰਦਾ ਹੋਇਆ ਕਹਿੰਦਾ ਹੈ ਕਿ

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ
ਜੈਸੇ ਬੇਲਿਉਂ ਨਿਕਲਦੇ ਸ਼ੇਰ ਮੀਆਂ ।
ਚੜ੍ਹੇ ਸੱਭ ਮਝੈਲ ਦੁਆਬੀਏ ਜੀ
ਜਿਨ੍ਹਾਂ ਕਿਲੇ ਨਿਵਾਏ ਨੇ ਢੇਰ ਮੀਆਂ ।
ਸ਼ਾਹ ਮੁਹੰਮਦਾ ਚੜ੍ਹੇ ਜਮੂਰ-ਖ਼ਾਨੇ
ਹੋਇਆ ਹੁਕਮ ਨਾ ਲਾਂਵਦੇ ਡੇਰ ਮੀਆਂ । ੫੮ ।

... ... ... ...

ਮਜ਼ਹਰ ਅਲੀ ਤੇ ਮਾਖੇ ਖ਼ਾਂ ਕੂਚ ਕੀਤਾ
ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆਂ ਨੀਂ ।
ਬੇੜਾ ਚੜ੍ਹਿਆ ਸੁਲਤਾਨ ਮਹਿਮੂਦ ਵਾਲਾ
ਤੋਪਾਂ ਨਾਲ ਇਮਾਮ ਸ਼ਾਹ ਵਾਲੀਆਂ ਨੀ ।

Digitized by Panjab Digital Library / www.panjabdigilib.org

ਇਲਾਹੀ ਬਖ਼ਸ਼ ਪਟੋਲੀਏ ਮਾਂਜ ਕੇ ਜੀ
ਧੂਪ ਦੇਇ ਕੇ ਤਖ਼ਤ ਬਹਾਲੀਆਂ ਨੀਂ ।
ਸ਼ਾਹ ਮੁਹੰਮਦਾ ਐਸੀਆਂ ਲੈਸ ਹੋਈਆਂ
ਬਿਜਲੀ ਵਾਂਗ ਜਿਉਂ ਦੇਣ ਦਿਖਾਲੀਆਂ ਨੀਂ । ੬੦ ।

ਜਦੋਂ ਫੇਰੂ ਸ਼ਹਿਰ ਦੇ ਜੰਗ ਵਿਚ 'ਸਿੰਘ ਸੂਰਮੇ ਆਣ ਮੈਦਾਨ ਲੱਥੇ, ਗੰਜ ਲਾਹ ਸੁੱਟੇ ਉਨ੍ਹਾਂ ਗੋਰਿਆਂ ਦੇ', ਤਾਂ

ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ
ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ ।
ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ
ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ ।
ਨੰਦਨ ਟਾਪੂਆਂ ਵਿਚ ਕੁਰਲਾਟ ਪਿਆ
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ ।

ਅਤੇ

ਟੁੰਡੇ ਲਾਟ ਨੇ ਅੰਤ ਨੂੰ ਖਾਇ ਗੁੱਸਾ
ਫੇਰਿ ਦਿੱਤੇ ਨੀ ਲੱਖ ਢੰਡੋਰਿਆਂ ਦੇ ।
ਸ਼ਾਹ ਮੁਹੰਮਦਾ ਰੰਡ ਬੈਠਾਇ ਨੰਦਨ
ਸਿੰਘ ਜਾਣ ਨਾਹੀਂ ਨਾਲ ਜ਼ੋਰਿਆਂ ਦੇ ।

ਇਸ ਤਰਾਂ ਟੁੰਡੇ-ਲਾਟ ਸਰ ਹੈਨਰੀ ਹਾਰਡਿੰਗ ਗਵਰਨਰ-ਜਨਰਲ ਦੀ ਆਪਣੀਆਂ ਫੌਜਾਂ ਨੂੰ ਅਪੀਲ ਤੇ ਹੱਲਾ-ਸ਼ੇਰੀ ਜਦ ਸ਼ਾਹ ਮੁਹੰਮਦ ਸੁਣਦਾ ਹੈ ਤਾਂ ਉਸ ਦਾ ਖ਼ੂਨ ਉਬਲਨ ਲਗ ਪੈਂਦਾ ਹੈ, ਉਸ ਦੀ ਕੌਮੀ ਗ਼ੈਰਤ ਉਛਾਲੇ ਮਾਰ ਉੱਠਦੀ ਹੈ ਅਤੇ ਉਹ ਆਪਣੇ ਦੇਸ-ਵਾਸੀਆਂ ਨੂੰ ਪੰਜਾਬ ਦੀ ਯਾਦ ਦਿਲਾ ਕੇ ਟੁੰਬਦਾ ਹੈ ਕਿ

ਸ਼ਾਹ ਮੁਹੰਮਦਾ ਤੁਸੀਂ ਪੰਜਾਬੀਓ ਜੀ
ਕੀਰਤ ਸਿੰਘ ਸਿਪਾਹੀ ਦੀ ਰੱਖਣੀ ਜੀ ।

Digitized by Panjab Digital Library / www.panjabdigilib.org

ਜਦ ਲੜਾਈ ਵਿਚ ਗ਼ੱਦਾਰਾਂ ਨੇ ਝੁੱਗਾ ਚੌੜ ਕਰ ਦਿੱਤਾ ਅਤੇ ਇਨ੍ਹਾਂ ਦੇ ਭੱਜ ਨਿਕਲਣ ਨਾਲ ਸਿੰਘਾਂ ਨੂੰ ਹਾਰ ਹੋ ਗਈ ਤਾਂ ਦੇਸ ਦੀ ਆਜ਼ਾਦੀ ਖੱਸਦੀ ਵੇਖ ਕੇ ਸ਼ਾਹ ਮੁਹੰਮਦ ਹਾਵੇ ਲੈਂਦਾ ਹੈ ਤੇ ਗਿਲੇ ਕਰਦਾ ਹੋਇਆ ਕਹਿੰਦਾ ਹੈ ਕਿ

ਘਰੋਂ ਗਏ ਫ਼ਰੰਗੀ ਨੂੰ ਮਾਰਨੇ ਨੂੰ
ਬੇੜੇ ਤੋਪਾਂ ਦੇ ਸਭ ਖੁਹਾਇ ਆਏ।
ਛੇੜ ਆਫ਼ਤਾਂ ਨੂੰ ਮਗਰ ਲਾਇਓ ਨੇ
ਸਗੋਂ ਆਪਣਾ ਆਪ ਗਵਾਇ ਆਏ।
ਖ਼ੁਸ਼ੀ ਵਸਦਾ ਸ਼ਹਿਰ ਲਾਹੌਰ ਸਾਰਾ
ਸਗੋਂ ਕੁੰਜੀਆਂ ਹੱਥ ਫੜਾਇ ਆਏ।
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ
ਤੁਸੀਂ ਦੰਗੀਆਂ ਪੂਰੀਆਂ ਪਾਇ ਆਏ। ੭੯।

ਪੰਜਾਬ ਦੀ ਮੀਟੀ ਹੋਈ ਮੁੱਠ ਨੂੰ ਖੁਲ੍ਹਦੀ ਜਾਂਦੀ ਵੇਖ ਕੇ ਰਾਜ ਦੇ ਵਫ਼ਾਦਾਰ ਸਰਦਾਰ ਮੁੜ ਇਕ ਯਤਨ ਕਰਨ ਲਈ ਬੈਠੇ ਤੇ ਫੈਸਲਾ ਕੀਤਾ ਕਿ ਆਪਣੀ ਜਾਨ ਤਕ ਕੁਰਬਾਨ ਕਰ ਦਿਓ ਪਰ ਆਪਣੇ ਰਾਜ ਨੂੰ ਕਿਸੇ ਦੇ ਸਾਹਮਣੇ ਝੋਲੀ ਅੱਡਣ ਵਾਲਾ ਮੁਹਤਾਜ ਨਾ ਹੋਣ ਦਿਓ।

ਪਿੱਛੇ ਬੈਠ ਸਰਦਾਰਾਂ ਗੁਰਮਤਾ ਕੀਤਾ
ਕੋਈ ਅਕਲ ਦਾ ਕਰੋ ਇਲਾਜ ਯਾਰੋ।
ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ
ਪੱਗ ਦਾਹੜੀਆਂ ਦੀ ਰੱਖੋ ਲਾਜ ਯਾਰੋ।
ਮੁੱਠ ਮੀਟੀ ਸੀ ਏਸ ਪੰਜਾਬ ਦੀ ਜੀ
ਇਨ੍ਹਾਂ ਖੋਲ੍ਹ ਦਿੱਤਾ ਅੱਜ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ
ਕਦੀ ਰਾਜ ਨਾ ਹੋਇ ਮੁਹਤਾਜ ਯਾਰੋ। ੮੮।

Digitized by Panjab Digital Library | www.panjabdigilib.org

ਇਕ ਪਾਸੇ ਇਕੱਲਾ ਪੰਜਾਬ ਹੈ, ਅਤੇ ਦੂਸਰੇ ਪਾਸੇ ਸਾਰਾ ਹਿੰਦੁ-ਸਤਾਨ ਪੰਜਾਬ ਨੂੰ ਭੀ ਅੰਗਰੇਜ਼ਾਂ ਦਾ ਗ਼ੁਲਾਮ ਬਣਾਉਣ ਲਈ ਉਨ੍ਹਾਂ ਦੀ ਮਦਦ ਵਾਸਤੇ ਆਜ਼ਾਦ ਪੰਜਾਬੀਆਂ ਉੱਤੇ ਚੜ੍ਹ ਆਇਆ। ਪੰਜਾਬ ਸਰਕਾਰ ਦਾ ਟਕਾ-ਪੰਥੀ ਪੂਰਬੀਆ ਨੌਕਰ ਮਿੱਸਰ ਤੇਜ ਸਿੰਘ ਮੇਰਠ ਵਾਲਾ, ਜਿਸ ਉੱਤੇ ਇਤਬਾਰ ਕਰ ਕੇ ਸਰਕਾਰ ਨੇ ਉਸ ਨੂੰ ਸਭ ਤੋਂ ਉੱਚੀ ਫ਼ੌਜੀ ਪਦਵੀ ਤੇ ਬਿਠਾਇਆ ਹੋਇਆ ਸੀ, ਫ਼ਰੰਗੀਆਂ ਨਾਲ ਰਲ ਗਿਆ ਤੇ ਸਿਖ ਫੌਜ ਨੂੰ ਕੁਥਾਂਇ ਫਸਾ ਕੇ ਮਰਵਾ ਦਿੱਤਾ। ਸਿੰਘ ਸਿਪਾਹੀ ਤਾਂ ਜਾਨਾਂ ਹੂਲ ਕੇ ਲੜੇ ਅਤੇ 'ਕਈ ਸੂਰਮੇ ਮਾਰ ਕੇ ਮੋਏ ਓਥੇ, ਜਿਨ੍ਹਾਂ ਹੱਥ ਕੀਤੇ ਤੇਗਾਂ ਨੰਗੀਆਂ ਵੇ,' ਪਰ ਸਰਕਾਰ (ਮਹਾਰਾਜਾ ਰਣਜੀਤ ਸਿੰਘ) ਦੀ ਅਗਵਾਈ ਬਾਝੋਂ ਖ਼ਾਲਸਾ ਫ਼ੌਜਾਂ ਜਿਤਦੀਆਂ ਜਿਤਦੀਆਂ ਅੰਤ ਨੂੰ ਹਾਰ ਗਈਆਂ।

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ
ਦੋਵੇਂ ਪਾਦਸ਼ਾਹੀ ਫੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ
ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।

... ... ... ...

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀਂ। ੯੨।

ਅੰਗਰੇਜ਼ ਲਾਹੌਰ ਆ ਪੁੱਜੇ ਅਤੇ ਪੰਜਾਬ ਦਾ ਰਾਜ ਉਨ੍ਹਾਂ ਦਾ ਮੁਹਤਾਜ ਹੋ ਗਿਆ। ਸਤਲੁਜੋਂ ਦੱਖਣ ਪਾਰ ਦਾ ਸਾਰਾ ਮੁਲਖ ਅਤੇ ਦੁਆਬਾ ਬਿਸਤ ਜਾਲੰਧਰ ਉਨ੍ਹਾਂ ਆਪ ਮੱਲ ਲਿਆ ਅਤੇ ਜੰਮੂ ਤੇ ਕਸ਼ਮੀਰ ਦਾ ਦੇਸ ਆਪਣੀ ਸੇਵਾ ਬਦਲੇ ਨਾਮ-ਮਾਤ੍ਰ ਰਕਮ ਲੈ ਕੇ ਗੁਲਾਬ ਸਿੰਘ ਨੂੰ ਦੇ ਦਿੱਤਾ।

ਇੱਥੇ ਸ਼ਾਹ ਮੁਹੰਮਦ ਦਾ ਕਿੱਸਾ ਖ਼ਤਮ ਹੋ ਜਾਂਦਾ ਹੈ।

ਸ਼ਾਹ ਮੁਹੰਮਦ ਦੇ ਬੈਂਤਾਂ ਤੋਂ ਸਿਖ ਰਾਜ ਵੇਲੇ ਹਿੰਦੂਆਂ ਤੇ

Digitized by Panjab Digital Library | www.panjabdigilib.org

ਮੁਸਲਮਾਨਾਂ ਦੇ ਬੜੇ ਪਿਆਰ-ਭਰੇ ਸਲੂਕ ਦਾ ਪਤਾ ਲਗਦਾ ਹੈ ਅਤੇ ਨਵੇਂ ਆਏ ਅੰਗਰੇਜ਼ਾਂ ਨੂੰ ਇਕ 'ਅਫ਼ਾਤ' ਤੇ 'ਬੇ-ਪੀਰ' 'ਤੀਸਰੀ ਜ਼ਾਤ' ਦਸਦਾ ਹੈ ਅਤੇ ਹਾਉਕਾ ਭਰ ਕੇ ਆਖਦਾ ਹੈ ਕਿ ਅਸੀਂ ਪੰਜਾਬੀ ਹਿੰਦੂ ਤੇ ਮੁਸਲਮਾਨ ਸੁਖ ਨਾਲ ਆਜ਼ਾਦ ਬਸਦੇ ਸਾਂ, ਸਾਡੀ ਕਿਸਮਤ ਅਜ ਤਕ ਕਦੇ ਕਿਸੇ ਤੀਸਰੇ ਦੇ ਹੱਥ ਨਹੀਂ ਆਈ ਸੀ, ਪਰ ਹੁਣ ਦੋਹਾਂ ਦੇ ਸਿਰ ਉੱਤੇ ਇਕ 'ਤੀਸਰੀ ਜ਼ਾਤ' ਦੀ 'ਅਫ਼ਾਤ' ਆ ਪਈ ਹੈ।

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ
ਸਿਰ ਦੋਹਾਂ ਦੇ ਉੱਤੇ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ। ੩।

ਅੱਗੇ ਚੱਲ ਕੇ ਆਪਣੇ ਆਪ ਨੂੰ ਢਾਰਸ ਦੇਣ ਲਈ ਕਹਿੰਦਾ ਹੈ ਕਿ ਚੰਗਾ ਜੇ ਆ ਗਏ ਨੇ ਤਾਂ ਵਾਹ ਵਾਹ ! ਸਦਾ ਲਈ ਕਿਹੜਾ ਕੋਈ ਬਹਿ ਰਹਿੰਦਾ ਹੈ। ਇਸ ਦੇਸ ਦੀ ਸਰਾਂ ਵਿਚ ਇਹ ਭੀ ਰੈਣ-ਬਸੇਰਾ ਕਰ ਲੈਣ।

ਇਹ ਜਗ ਸਰਾਇ ਮੁਸਾਫ਼ਰਾਂ ਦੀ
ਅੱਗੇ ਜ਼ੋਰ ਵਾਲੇ ਕਈ ਆਏ ਗਏ।
ਸ਼ੱਦਾਦ ਨਮਰੂਦ ਫ਼ਰਔਨ ਜੇਹੇ
ਦਾਵਾ ਬੰਨ੍ਹ ਖ਼ੁਦਾਇ ਕਹਾਇ ਗਏ।
ਅਕਬਰ ਸ਼ਾਹ ਜੇਹੇ ਵਿਚ ਦਿੱਲੀ ਦੇ ਜੀ
ਫੇਰੀ ਵਾਂਗ ਵਣਜਾਰਿਆਂ ਪਾਇ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ
ਵਾਜੇ ਕੂੜ ਦੇ ਕਈ ਵਜਾਇ ਗਏ। ੪।

ਨਵੇਂ ਆਏ ਅੰਗਰੇਜ਼ਾਂ ਵਿਚ ਉਸ ਨੂੰ ਬਾਦਸ਼ਾਹਾਂ ਵਾਲੇ ਕੋਈ ਚਾਲੇ ਨਹੀਂ ਦਿਸਦੇ, ਐਉਂ ਭਾਸਦਾ ਹੈ ਜਿਵੇਂ ਵਪਾਰੀਆਂ ਦੇ ਪੁੱਤਰ ਤੇ

Digitized by Panjab Digital Library | www.panjabdigilib.org

ਮੁਨੀਮ ਪਰਾਏ ਦੇਸਾ ਵਿਚੋਂ ਦੌਲਤਾਂ ਇਕੱਠੀਆਂ ਕਰਨ ਆਏ ਹੋਏ ਹੁੰਦੇ ਹਨ। ਇਹ ਹੈ ਭੀ ਸੱਚ। ਈਸਟ ਇੰਡੀਆ ਕੰਪਣੀ ਵਾਲੇ ਆਖ਼ਰ ਸਨ ਭੀ ਤੇ ਹਟ-ਬਾਣੀਏ ਹੀ, ਅਤੇ ਕੰਪਣੀ ਤੇ ਛੋਟੇ ਵੱਡੇ ਨੌਕਰ ਸਾਰੇ ਮੁਨੀਮਾਂ ਵਤ ਹੀ ਸਨ ਜਿਹੜੇ ਕਿ ਪਰਾਏ ਦੇਸਾਂ ਵਿਚ ਆਪਣੀ ਹਕੂਮਤ ਕਾਇਮ ਕਰ ਕੇ ਉਨ੍ਹਾਂ ਨੂੰ ਇੰਗਲਸਤਾਨ ਦੇ ਵਾਧੇ ਲਈ ਵਰਤਦੇ ਸਨ ਅਤੇ ਉਨ੍ਹਾਂ ਦੇਸਾਂ ਦੀ ਹਰ ਪ੍ਰਕਾਰ ਦੀ ਦੌਲਤ ਵਪਾਰ ਅਤੇ ਤਨਖਾਹਾਂ ਦੇ ਰਸਤੇ ਓਥੇ ਨੂੰ ਢੋਈ ਜਾ ਰਹੇ ਹਨ।

ਸ਼ਾਹ ਮੁਹੰਮਦ ਬੇ-ਬਸ ਹੋਇਆ ਹੋਇਆ ਰੱਬ ਉੱਤੇ ਡੋਰੀ ਰਖਦਾ ਹੈ, ਅਤੇ ਨਿਰਾਸ ਨਹੀਂ ਹੁੰਦਾ। ਸ਼ੁਕਰ ਕਰਦਾ ਹੈ ਕਿ ਸਿੰਘਾਂ ਦਾ ਕੰਮ ਸਿੱਧਾ ਹੋ ਰਿਹਾ ਹੈ ਅਤੇ ਹਿੰਦੂਆ ਤੇ ਮੁਸਲਮਾਨਾਂ ਦੀ ਭਾਈਆਂ ਵਾਂਙੂ ਬੜੀ ਸਾਂਝ ਹੈ, ਔਰ ਨਵੀ ਆਈ 'ਤੀਸਰੀ ਜ਼ਾਤ' ਵਾਲਿਆਂ ਨਾਲ, ਜੋ ਆਪਣੀ ਹੈਂਕੜ ਵਿਚ ਹੀ ਮਸਤ ਹਨ, ਕਿਸੇ ਦਾ ਕੋਈ ਵਾਸਤਾ ਨਹੀਂ ਅਤੇ ਉਨ੍ਹਾਂ ਨਾਲ ਬੈਠ ਕੇ ਕੋਈ ਗੱਲਾਂ ਨਹੀਂ ਕਰ ਰਿਹਾ।

ਰੱਬ ਚਾਹੇ ਤਾਂ ਕਰਗਾ ਮੇਹਰਬਾਨੀ
ਹੋਇਆ ਸਿੰਘਾਂ ਦਾ ਕੰਮ ਆਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ
ਓਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।
ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ
ਖ਼ੁਦੀ ਆਪਣੀ ਵਿਚ ਮੁਹਾਸ਼ਤਾ ਈ।
ਸ਼ਾਹ ਮੁਹੰਮਦਾ ਦੌਲਤਾਂ ਜਮਾ ਕਰਦਾ
ਸ਼ਾਹੂਕਾਰਾਂ ਦਾ ਪੁੱਤ ਗੁਮਾਸ਼ਤਾ ਈ। ੧੦੩।

ਸਿੰਘਾਂ ਤੇ ਅੰਗਰੇਜ਼ਾਂ ਦੀ ਇਸ ਲੜਾਈ ਦੇ ਜ਼ਰਾ ਹੋਰ ਵਿਸਥਾਰ ਸਹਿਤ ਹਾਲ ਪੜ੍ਹਨ ਲਈ ਦੇਖੋ ਜੀਵਨ-ਬ੍ਰਿਤਾਂਤ 'ਸਰਦਾਰ ਸ਼ਾਮ ਸਿੰਘ ਅਟਾਰੀਵਾਲਾ' ਕ੍ਰਿਤ ਪ੍ਰੋਫੈਸਰ ਗੰਡਾ ਸਿੰਘ, ਐਮ. ਏ.।

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

# ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ

## ਕ੍ਰਿਤ ਕਵੀ ਸ਼ਾਹ ਮੁਹੰਮਦ

ਅੱਵਲ ਹਮਦ ਜਨਾਬ ਅਲਾਹ ਦੀ ਨੂੰ,
ਜੇਹੜਾ ਕੁਦਰਤੀਂ ਖੇਲ ਬਣਾਂਵਦਾ ਈ।
ਚੌਦਾਂ ਤਬਕਾਂ ਦਾ ਨਕਸ਼ੇ ਨਗਾਰ ਕਰ ਕੇ,
ਰੰਗ ਰੰਗ ਦੇ ਬਾਗ਼ ਬਣਾਂਵਦਾ ਈ।
ਸਫ਼ਾਂ ਪਿਛਲੀਆਂ ਸਭ ਲਪੇਟ ਲੈਂਦਾ,
ਅੱਗੋਂ ਹੋਰ ਹੀ ਹੋਰ ਵਛਾਂਵਦਾ ਈ।
ਸ਼ਾਹ ਮੁਹੰਮਦਾ ਓਸ ਤੋਂ ਸਦਾ ਡਰੀਏ,
ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ। ੧।

ਏਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ,
ਦਗੇਬਾਜ਼ੀ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫ਼ੀਲ ਘੋੜੇ,
ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ,
ਸਦਾ ਰਹਿਣ ਨਾ ਕਾਲੜੇ ਕੇਸ ਮੀਆਂ। ੨।

Digitized by Panjab Digital Library / www.panjabdigilib.org

ਇੱਕ ਰੋਜ਼ ਵਡਾਲੇ[1] ਦੇ ਵਿੱਚ ਬੈਠੇ,
ਚੱਲੀ ਆਨ ਅੰਗਰੇਜ਼ ਦੀ ਬਾਤ ਆਈ।
ਸਾਨੂੰ ਆਖਿਆ ਹੀਰੇ ਤੇ ਨੂਰ ਖਾਂ[2] ਨੇ,
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਈ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰਾਂ ਦੋਹਾਂ ਦੇ ਉੱਤੇ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ। ੩।

ਏਹ ਜੱਗ ਸਰਾਇ ਮੁਸਾਫ਼ਰਾਂ ਦੀ,
ਏਥੇ ਜ਼ੋਰ ਵਾਲੇ ਕਈ ਆਇ ਗਏ।
ਸ਼ੱਦਾਦ ਨਮਰੂਦ ਫਰਔਨ ਜੇਹੇ,
ਦਾਵਾ ਬੰਨ੍ਹ ਖ਼ੁਦਾਇ ਕਹਾਇ ਗਏ।
ਅਕਬਰ[3] ਸ਼ਾਹ ਜੇਹੇ ਵਿੱਚ ਦਿੱਲੀ ਦੇ ਜੀ,

---

1. ਆਮ ਕਿੱਸਿਆਂ ਵਿਚ 'ਵਟਾਲਾ' ਲਿਖਿਆ ਹੋਇਆ ਹੈ, ਪਰ ਸਰਦਾਰ ਗੁਰਬਖ਼ਸ਼ ਸਿੰਘ ਸ਼ਮਸ਼ੇਰ ਝਬਾਲੀਏ ਪਾਸੋਂ ਪ੍ਰਾਪਤ ਹੋਏ ਲਿਖਤੀ ਕਿੱਸੇ ਵਿਚ ਵਡਾਲਾ ਲਿਖਿਆ ਹੈ। ਮੀਆਂ ਮੌਲਾ ਬਖ਼ਸ਼ 'ਕੁਸ਼ਤਾ' ਨੇ ਆਪਣੀ ਪੁਸਤਕ 'ਪੰਜਾਬ ਦੇ ਹੀਰੇ' ਵਿਚ ਵਡਾਲੇ ਦੀ ਹੀ ਪੁਸ਼ਟੀ ਕੀਤੀ ਹੈ ਜਿੱਥੇ ਆਪ ਲਿਖਦੇ ਹਨ ਕਿ ਕਵੀ ਸ਼ਾਹ ਮੁਹੰਮਦ ਵਡਾਲਾ ਜ਼ਿਲਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ, ਵਟਾਲਾ (ਬਟਾਲਾ) ਜ਼ਿਲਾ ਗੁਰਦਾਸ ਪੁਰ ਦਾ ਨਹੀਂ।

2. ਇਕ ਕਿੱਸੇ ਵਿਚ ਇੱਥੇ 'ਨੂਰ ਖਾਂ ਨੇ' ਦੀ ਥਾਂ 'ਹੋਰ ਯਾਰਾਂ' ਲਿਖਿਆ ਹੋਇਆ ਹੈ।

1. ਹਿੰਦੋਸਤਾਨ ਦਾ ਸਭ ਤੋਂ ਪ੍ਰਸਿੱਧ ਮੁਗ਼ਲ ਬਾਦਸ਼ਾਹ ਅਕਬਰ ਜਿਸ ਨੇ ਸੰਨ ੧੫੫੬ ਈ. ਤੋਂ ੧੬੦੫ ਤਕ ਰਾਜ ਕੀਤਾ।

Digitized by Panjab Digital Library | www.panjabdigilib.org

ਫੇਰੀ ਵਾਂਗ ਵਣਜਾਰਿਆਂ ਪਾਇ ਗਏ ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਵਾਜੇ ਝੂਠ ਦੇ ਕਈ ਵਜਾਇ ਗਏ । ੪ ।
ਮਹਾਂਬਲੀ ਰਣਜੀਤ ਸਿੰਘ[1] ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ ।
ਮੁਲਤਾਨ ਕਸ਼ਮੀਰ ਪਿਸ਼ੌਰ ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ ।
ਹੋਰ ਦੇਸ ਲੱਦਾਖ਼ ਤੇ ਚੀਨ ਤੋੜੀਂ,
ਸਿੱਕਾ ਆਪਣੇ ਨਾਮ ਚਲਾਇ ਗਿਆ ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ । ੫ ।
ਜਦੋਂ ਹੋਏ ਸਰਕਾਰ[2] ਦੇ ਸਾਸ ਪੂਰੇ,
ਜਮਾਂ ਹੋਏ ਨੀ ਜਭ ਸਰਦਾਰ ਮੀਆਂ ।
ਚੇਤ ਸਿੰਘ[3] ਨੂੰ ਮਾਰਿਆ ਕੌਰ ਸਾਹਿਬ[4],

---

1. ਮਹਾਰਾਜਾ ਰਣਜੀਤ ਸਿੰਘ ਦਾ ਜਨਮ ਗੁਜਰਾਂਵਾਲੇ ਮਾਈ ਮਲਵੈਣ ਬੀਬੀ ਰਾਜ ਕੌਰ ਦੀ ਕੁੱਖੋਂ ੨ ਮੱਘਰ ਸੰਮਤ ੧੮੩੭ ਬਿ. ਮੁਤਾਬਕ ੧੩ ਨਵੰਬਰ ੧੭੮੦ ਨੂੰ ਸਰਦਾਰ ਮਹਾਂ ਸਿੰਘ ਸੁੱਕਰਚੱਕੀਏ ਦੇ ਘਰ ਹੋਇਆ ।

2. ੧੫ ਹਾੜ੍ਹ ਸੰਮਤ ੧੮੯੬ ਮੁਤਾਬਕ ੨੭ ਜੂਨ ੧੮੩੯

3 ਮਹਾਰਾਜਾ ਖੜਕ ਸਿੰਘ ਦਾ ਇਕ ਮਿੱਤਰ ਤੇ ਸਲਾਹਕਾਰ ਸਰਦਾਰ ਜੋ ੮-੯ ਅਕਤੂਬਰ ੧੮੩੯ ਦੀ ਰਾਤ ਨੂੰ ਧਿਆਨ ਸਿੰਘ ਆਦਿ ਡੋਗਰਿਆਂ, ਸੰਧਾਂਵਾਲੀਏ ਸਰਦਾਰ ਅਤੇ ਕੰਵਰ ਨੌ-ਨਿਹਾਲ ਸਿੰਘ ਦੀ ਸਾਜ਼ਸ਼ ਨਾਲ ਮਾਰਿਆ ਗਿਆ ਸੀ ।

4 ਕੰਵਰ ਨੌ-ਨਿਹਾਲ ਸਿੰਘ, ਮਹਾਰਾਜਾ ਖੜਕ ਸਿੰਘ ਦਾ ਪੁੱਤਰ ।

Digitized by Panjab Digital Library | www.panjabdigilib.org

ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ ।
ਖੜਕ ਸਿੰਘ ਮਹਾਰਾਜ ਨੇ ਆਹ ਮਾਰੀ,
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਏਹੋ ਸੀ ਕੌਲ ਕਰਾਰ ਮੀਆਂ । ੬ ।

ਮੇਰੇ ਬੇਟਿਆਂ ਇਨ੍ਹਾਂ ਨੇ ਖ਼ੂਨ ਕੀਤਾ,
ਏਹ ਤਾਂ ਗ਼ਰਕ ਜਾਵੇ ਦਰਬਾਰ ਮੀਆਂ ।
ਪਿੱਛੇ ਸਾਡੇ ਭੀ ਕੌਰ ਨਾ ਰਾਜ ਕਰਸੀ,
ਅਸੀਂ ਮਰਾਂਗੇ ਇਸ ਨੂੰ ਮਾਰ[1] ਮੀਆਂ ।
ਨਾਹੱਕ ਦਾ ਇਨ੍ਹਾਂ ਨੇ ਖ਼ੂਨ ਕੀਤਾ,
ਏਹ ਤਾਂ ਮਰਨਗੇ ਸਭ ਸਰਦਾਰ ਮੀਆਂ ।
ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ,
ਖ਼ਾਲੀ ਨਹੀਂ ਜਾਣਾ ਇੱਕ ਵਾਰ ਮੀਆਂ । ੭ ।

ਖੜਕ ਸਿੰਘ ਮਹਾਰਾਜ ਹੋਇਆ ਬਹੁਤ ਮਾਂਦਾ,
ਬਰਸ ਇੱਕ ਪਿੱਛੋਂ ਵੱਸ ਕਾਲ ਹੋਇਆ[2] ।
ਆਈ ਮੌਤ ਨਾਂ ਅਟਕਿਆ ਇੱਕ ਘੜੀ,
ਚੇਤ ਸਿੰਘ ਦੇ ਗ਼ਮ ਦੇ ਨਾਲ ਮੋਇਆ ।
ਕੌਰ ਸਾਹਿਬ ਮਹਾਰਾਜ[3] ਦੀ ਗੱਲ ਸੁਣ ਕੇ,
ਜ਼ਰਾ ਦਰਦ ਦੇ ਨਾਲ ਨਾ ਮੂਲ ਰੋਇਆ ।

---

1. ਅੰਤ ਕਰਤਾਰ ਦਾ ਭਾਣਾ ਐਸਾ ਹੀ ਵਰਤਿਆ ਕਿ ਕੰਵਰ ਨੌ-ਨਿਹਾਲ ਸਿੰਘ ਭੀ ਪਿਤਾ ਦੇ ਕੁਝ ਘੰਟੇ ਹੀ ਬਾਦ ਹੁਕਮ ਸਤਿ ਕਰ ਗਏ ।

2. ਮਹਾਰਾਜਾ ਖੜਕ ਸਿੰਘ ਦਾ ੫ ਨਵੰਬਰ ੧੮੪੦ ਨੂੰ ਚੇਹਾਤ ਹੋਇਆ । 3. ਮਹਾਰਾਜਾ ਖੜਕ ਸਿੰਘ ।

Digitized by Panjab Digital Library | www.panjabdigilib.org

ਸ਼ਾਹ ਮੁਹੰਮਦਾ ਕਈਆਂ ਦੇ ਮਾਰਨੇ ਨੂੰ,
ਵਿੱਚ ਕੌਂਸਲ ਕੌਰ ਨੂੰ ਫ਼ਿਕਰ[1] ਹੋਯਾ। ੮।

ਖੜਕ ਸਿੰਘ ਮਹਾਰਾਜ ਨੂੰ ਚੁੱਕ ਲਿਆ,
ਦੇਖੋ ਸਾੜਨੇ ਨੂੰ ਹੁਣ ਲੈ ਚੱਲੇ।
ਧਰਮ ਰਾਜ ਨੂੰ ਜਦੋਂ ਇਹ ਖਬਰ ਹੋਈ,
ਕੌਰ ਮਾਰਨੇ ਨੂੰ ਉਸ ਦੂਤ ਘੱਲੇ।
ਮਾਰੋ ਮਾਰ ਕਰਦੇ ਦੂਤ ਆਣ ਵੜੇ,
ਜਦੋਂ ਮੌਤ ਦੇ ਹੋਏ ਨੀ ਆਣ ਹੱਲੇ।
ਸ਼ਾਹ ਮੁਹੰਮਦਾ ਵੇਖ ਰਜ਼ਾਇ ਉਸ ਦੀ,
ਊਧਮ ਸਿੰਘ[2] ਤੇ ਕੌਰ ਦੇ ਸਾਸ ਚੱਲੇ। ੯।

ਇਕ ਦੂਤ ਨੇ ਦੇਖ ਕੇ ਫ਼ਿਕਰ ਕੀਤਾ,
ਪਲਕ ਵਿੱਚ ਦਰਵਾਜ਼ੇ ਦੇ ਆਇਆ ਈ।
ਜੇਹੜਾ ਧੁਰ ਦਰਗਾਹ ਦਾ ਹੁਕਮ ਆਂਦਾ,
ਦੇਖੋ ਓਸ ਨੂੰ ਖ਼ੂਬ ਵਜਾਇਆ ਈ।
ਅੰਦਰ ਤਰਫ਼ ਹਵੇਲੀ ਦੇ ਤੁਰੇ ਜਾਂਦੇ,
ਛੱਜਾ ਢਾਹ ਦੋਹਾਂ ਉੱਤੇ ਪਾਇਆ ਈ।
ਸ਼ਾਹ ਮੁਹੰਮਦਾ ਊਧਮ ਸਿੰਘ ਥਾਉਂ ਮੋਇਆ,
ਕੌਰ ਸਾਹਿਬ ਭੀ ਸਹਿਕਦਾ[3] ਆਇਆ ਈ। ੧੦।

ਅੱਠ ਪਹਿਰ ਲੁਕਾਇ ਕੇ ਰੱਖਿਓ ਨੇ,

---

੧. ਪਾਠ-ਭੇਦ—ਹੁਕਮ।
੨. ਊਧਮ ਸਿੰਘ, ਰਾਜਾ ਗੁਲਾਬ ਸਿੰਘ ਡੋਗਰੇ ਦਾ ਪੁੱਤਰ।
੩. ਕੰਵਰ ਨੌ-ਨਿਹਾਲ ਸਿੰਘ ਉਸ ਵੇਲੇ ਤਾਂ ਸਹਿਕਦਾ ਸੀ ਪਰ ਕਿਲੇ ਅੰਦਰ ਲਿਜਾ ਕੇ ਮਾਰ ਦਿੱਤਾ ਗਿਆ। ਵੇਰਵੇ ਲਈ ਦੇਖੋ ਗੰਡਾ ਸਿੰਘ, 'ਸਿਖ ਇਤਿਹਾਸ ਬਾਰੇ', ੧੨੨—੧੩੪.

Digitized by Panjab Digital Library / www.panjabdigilib.org

ਦਿਨ ਦੂਜੇ ਰਾਣੀ ਚੰਦ ਕੌਰ[1] ਆਈ ।
ਖੜਕ ਸਿੰਘ ਦਾ ਮੂਲ ਦਰੇਗ ਨਾਹੀਂ,
ਕੌਰ ਸਾਹਿਬ ਤਾਈਂ ਓਥੇ ਰੋਣ ਆਈ ।
ਹੁਣ ਮੋਇਆ ਤੇ ਕਰੋ ਸਸਕਾਰ ਇਸ ਦਾ,
ਭਲਾ ਤੁਸਾਂ ਕਿਉਂ ਏਤਨੀ ਦੇਰ ਲਾਈ ।
ਸ਼ਾਹ ਮੁਹੰਮਦਾ ਰੋਂਦੀ ਏ ਚੰਦ ਕੌਰਾਂ,
ਜਿਸ ਦਾ ਮੋਇਆ ਪੁੱਤਰ ਸੋਹਣਾ ਸ਼ੇਰ ਸਾਂਈ । ੧੧ ।

ਸ਼ੇਰ ਸਿੰਘ[2] ਨੂੰ ਕਿਸੇ ਜਾ ਖ਼ਬਰ ਦਿੱਤੀ,
ਜਿਸ ਦਾ ਮੋਇਆ ਭਤੀਜਾ ਤੇ ਵੀਰ ਯਾਰੋ ।
ਉਸ ਨੇ ਤੁਰਤ ਵਟਾਲਿਓਂ ਕੂਚ ਕੀਤਾ,
ਰਾਤੀਂ ਆਂਵਦਾ ਘੱਤ ਵਹੀਰ ਯਾਰੋ ।
ਜਦੋਂ ਆਣ ਕੇ ਹੋਇਆ ਲਾਹੌਰ ਦਾਖ਼ਲ,
ਅੱਖੀਂ ਰੋਇ ਪਲੱਟਦਾ ਨੀਰ ਯਾਰੋ ।
ਸ਼ਾਹ ਮੁਹੰਮਦਾ ਲੋਕ ਦਿਲਬਰੀ ਕਰਦੇ,
ਚੰਦ ਕੌਰ ਹੋਈ ਦਿਲਗੀਰ ਯਾਰੋ । ੧੨ ।

ਦਿੱਤੇ ਸੰਤ੍ਰੀ ਚਾਰ ਖਲਾਰ ਚੋਰੀਂ,
ਸ਼ੇਰ ਸਿੰਘ ਅੰਦਰ ਅੱਜ ਆਵਣਾ ਜੇ ।
ਤੁਰਤ ਫੂਕ ਦਿਓ ਤੁਸੀਂ ਕਰਾਬੀਨਾਂ[3],
ਇਕ ਘੜੀ ਵਿਚ ਮਾਰ ਮੁਕਾਵਣਾ ਜੇ ।

---

1. ਮਹਾਰਾਜਾ ਖੜਕ ਸਿੰਘ ਦੀ ਮਹਾਰਾਣੀ ਅਤੇ ਕੰਵਰ ਨੌ-ਨਿਹਾਲ ਸਿੰਘ ਦੀ ਮਾਤਾ ।
2. ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ ਜੋ ਮਹਾਰਾਣੀ ਮਹਿਤਾਬ ਕੌਰ ਦੀ ਕੁੱਖੋਂ ਸੀ ।
3. Carabines—ਬੰਦੂਕਾਂ

Digitized by Panjab Digital Library | www.panjabdigilib.org

ਸ਼ੇਰ ਸਿੰਘ ਨੂੰ ਰਾਜੇ[1] ਨੇ ਖ਼ਬਰ ਦਿੱਤੀ,
ਅੰਦਰ ਅਜੇ ਜ਼ਰੂਰ ਨਹੀਂ ਜਾਵਣਾ ਜੇ।
ਸ਼ਾਹ ਮੁਹੰਮਦਾ ਅਜੇ ਨਹੀਂ ਜ਼ੋਰ ਤੇਰਾ,
ਤੈਨੂੰ ਅਸਾਂ ਹੀ ਅੰਤ ਸਦਾਵਣਾ ਜੇ। ੧੩।

ਚੰਦ ਕੌਰਾਂ ਦੀ ਮੰਦੀ ਜੋ ਨਜ਼ਰ ਦੇਖੀ,
ਦਗੇ-ਬਾਜ਼ੀਆਂ ਹੋਰ ਬਥੇਰੀਆਂ ਨੀ।
ਉਸ ਨੇ ਤੁਰਤ ਲਾਹੌਰ ਥੀਂ ਕੂਚ ਕੀਤਾ,
ਬੈਠਾ ਜਾਇ ਕੇ ਵਿੱਚ ਮੁਕੇਰੀਆਂ ਨੀ।
ਪਿੱਛੇ ਤਖ਼ਤ ਬੈਠੀ ਰਾਣੀ ਚੰਦ ਕੌਰਾਂ,
ਦੇਂਦੇ ਆਣ ਮੁਸਾਹਿਬ ਦਲੇਰੀਆਂ ਨੀ।
ਸ਼ਾਹ ਮੁਹੰਮਦਾ ਕੌਰ[2] ਨਾ ਜੰਮਣਾ ਏ,
ਕਿਲੇ ਕੋਟ ਤੇ ਰੱਯਤਾਂ ਤੇਰੀਆਂ ਨੀ। ੧੪।

ਰਾਜੇ ਲਸ਼ਕਰਾਂ ਵਿਚ ਸਲਾਹ ਕੀਤੀ,
ਸ਼ੇਰ ਸਿੰਘ ਨੂੰ ਕਿਵੇਂ ਸਦਾਈਏ ਜੀ।
ਓਹ ਤਾਂ ਪੁੱਤਰ ਸਰਕਾਰ ਦਾ ਫ਼ਤੇਜੰਗੀ,
ਗੱਦੀ ਓਸ ਨੂੰ ਚਾ ਬਹਾਈਏ ਜੀ।
ਸਿੰਘਾਂ ਆਖਿਆ ਰਾਜਾ ਜੀ ਹੁਕਮ ਤੇਰਾ,
ਜਿਸ ਨੂੰ ਕਹੇਂ ਸੋ ਫ਼ਤੇ ਬੁਲਾਈਏ ਜੀ।
ਸ਼ਾਹ ਮੁਹੰਮਦਾ ਗੱਲ ਜੋ ਮੂੰਹੋਂ ਕੱਢੇਂ,
ਏਸੇ ਵਖ਼ਤ ਹੀ ਚਾ ਮੰਗਾਈਏ ਜੀ। ੧੫।

ਬਾਈ ਦਿਨਾਂ ਦੀ ਰਾਜੇ ਨੇ ਲਈ ਰੁਖ਼ਸਤ,

---

1. ਰਾਜਾ ਧਿਆਨ ਸਿੰਘ ਡੋਗਰਾ ਵਜ਼ੀਰ।
2. ਸੁਰਗਵਾਸੀ ਕੰਵਰ ਨੌ-ਨਿਹਾਲ ਸਿੰਘ ਦੇ ਘਰ ਕੋਈ ਪੁੱਤਰ ਨਹੀਂ ਜੰਮਣਾ ਹੈ।

Digitized by Panjab Digital Library / www.panjabdigilib.org

ਤੁਰਤ ਜੰਮੂ ਨੂੰ ਹੋਇ ਨੀ ਕੂਚ ਡੇਰੇ।
ਸ਼ੇਰ ਸਿੰਘ ਤਾਂਈਂ ਲਿਖ ਘੱਲੀ ਚਿੱਠੀ,
ਮੈਂ ਤਾਂ ਰਫ਼ੂ ਕਰ ਛੱਡੇ ਨੀ ਕੰਮ ਤੇਰੇ।
ਧੌਂਸਾ ਮਾਰ ਕੇ ਪਹੁੰਚ ਲਾਹੌਰ ਜਲਦੀ,
ਅੱਗੋਂ ਆਇ ਮਿਲਸਨ ਤੈਨੂੰ ਸੱਭ ਡੇਰੇ।
ਸ਼ਾਹ ਮੁਹੰਮਦਾ ਮਿਲਨਗੇ ਫੇਰ ਅਫ਼ਸਰ,
ਜਿਸ ਵੇਲੜੇ ਸ਼ਹਿਰ ਦੇ ਗਿਓਂ ਨੇੜੇ। ੧੬।

ਸ਼ੇਰ ਸਿੰਘ ਨੇ ਰਾਜੇ ਦਾ ਖ਼ਤ ਪੜ੍ਹ ਕੇ,
ਫੌਜਾਂ ਤੁਰਤ ਲਾਹੌਰ ਨੂੰ ਘੱਲੀਆਂ ਨੀ।
ਘੋੜੇ ਹਿਣਕਦੇ ਤੇ ਮਾਰੂ ਵੱਜਦੇ ਨੀ,
ਧੂੜ ਉੱਡ ਕੇ ਘਟਾਂ ਹੋ ਚੱਲੀਆਂ ਨੀ।
ਆਵੇ ਬੁਧੂ ਦੇ ਲਾਇ ਨੀ ਪਾਸ ਡੇਰੇ,
ਫ਼ੌਜਾਂ ਲੱਥੀਆਂ ਆਣ ਇਕੱਲੀਆਂ ਨੀ।
ਸ਼ਾਹ ਮੁਹੰਮਦਾ ਆਣ ਜਾਂ ਮਿਲੇ ਅਫ਼ਸਰ[1],
ਗੱਲਾਂ ਵਿਚ ਲਾਹੌਰ ਦੇ ਚੱਲੀਆਂ ਨੀ। ੧੭।

ਸ਼ੇਰ ਸਿੰਘ ਤਾਂ ਬੁੱਧੂ ਦੇ ਆਵਿਓਂ ਜੀ,
ਕਰ ਤੁਰਮ[2] ਲਾਹੌਰ ਵਲ ਧਾਇਆ ਈ।
ਫਲ੍ਹੇ ਪੜਤਲਾਂ ਦੇ ਅੱਗੋਂ ਪਾੜ ਕੇ ਜੀ,
ਸ਼ੇਰ ਸਿੰਘ ਨੂੰ ਤੁਰਤ ਲੰਘਾਇਆ ਈ[3]।

---

1. ਪਾਠ ਭੇਦ—'ਸ਼ਾਹ ਮੁਹੰਮਦਾ ਆਣ ਜਾ ਰਥ ਪਹੁੰਚੇ'। ਕਈਆਂ ਵਿਚ 'ਰਥ' ਦੀ ਥਾਂ 'ਤੁਰਤ' ਹੈ।

2. ਤੁਰਮ ਬਾਜਾ, ਤੁਰ੍ਹੀ, Trump. Trumpet.

3. ਪਾਠ ਭੇਦ–ਪਹਿਲੋ ਪੜਤਲਾਂ ਨੇ ਅੱਗੋਂ (ਓਥੋ) ਪਾੜ ਕੇ ਜੀ, ਵਿਚ ਸ਼ਹਿਰ ਲਾਹੌਰ ਲੰਘਾਇਆ ਈ।

Digitized by Panjab Digital Library | www.panjabdigilib.org

ਉਸ ਬਲੀ ਸ਼ਾਹਜ਼ਾਦੇ ਦਾ ਤੇਜ ਭਾਰੀ,
ਜਿਸ ਕਿਲੇ ਨੂੰ ਮੋਰਚਾ ਲਾਇਆ ਈ।
ਸ਼ਾਹ ਮੁਹੰਮਦਾ ਹਾਰ ਕੇ ਵਿਚਲਿਆਂ ਨੇ[1],
ਸ਼ੇਰ ਸਿੰਘ ਨੂੰ ਗੱਦੀ ਬਹਾਇਆ ਈ। ੧੮।

ਸ਼ੇਰ ਸਿੰਘ ਗੱਦੀ ਉੱਤੇ ਬੈਠ ਕੇ ਜੀ,
ਰਾਣੀ ਕੈਦ ਕਰ ਕੇ ਕਿਲੇ ਵਿਚ ਪਾਈ।
ਘਰ ਬੈਠਿਆਂ ਰੱਬ ਨੇ ਰਾਜ ਦਿੱਤਾ,
ਦੇਖੋ ਮੱਲ ਬੈਠਾ ਸਾਰੀ ਪਾਤਸ਼ਾਹੀ।
ਬਰਸ ਹੋਇਆ ਜਾਂ ਓਸ ਨੂੰ ਕੈਦ ਅੰਦਰ,
ਰਾਣੀ ਦਿਲ ਦੇ ਵਿਚ ਜੋ ਜਿੱਚ ਆਹੀ।
ਸ਼ਾਹ ਮੁਹੰਮਦਾ ਮਾਰ ਕੇ ਚੰਦ ਕੌਰਾਂ,
ਸ਼ੇਰ ਸਿੰਘ ਨੇ ਗਲੋਂ ਬਲਾ ਲਾਹੀ[2]। ੧੯।

ਸ਼ੇਰ ਸਿੰਘ ਨੂੰ ਰੱਬ ਨੇ ਰਾਜ ਦਿੱਤਾ,
ਲਿਆ ਖੋਹ ਲਾਹੌਰ ਜੋ ਰਾਣੀਆਂ ਥੀਂ।
ਸੰਧਾਂਵਾਲੀਆਂ ਦੇ ਦੇਸੋਂ ਪੈਰ ਖਿਸਕੇ,
ਜਾ ਕੇ ਪੁੱਛ ਲੈ ਰਾਹ ਪਧਾਣੀਆਂ ਥੀਂ।
ਮੁੜ ਕੇ ਫੇਰ ਅਜੀਤ ਸਿੰਘ ਲਈ ਬਾਜ਼ੀ,
ਪੈਦਾ ਹੋਇਆ ਸੀ ਅਸਲ ਸਵਾਣੀਆਂ ਥੀਂ।
ਸ਼ਾਹ ਮੁਹੰਮਦਾ ਜੰਮਿਆ ਅਲੀ ਅਕਬਰ,

---

1. ਪਾਠ-ਭੇਦ—ਸ਼ਾਹ ਮੁਹੰਮਦਾ ਵਿਚ ਲਾਹੌਰ ਦੇ ਜੀ।
2. ਮਹਾਰਾਣੀ ਚੰਦ ਕੌਰ ਦੀ ਮੌਤ ਮਹਾਰਾਜਾ ਸ਼ੇਰ ਸਿੰਘ ਦੀ ਲਾਹੌਰੋਂ ਗੈਰ-ਹਾਜ਼ਰੀ ਵਿਚ ਹੋਈ ਸੀ ਜਿਸ ਦੇ ਹਾਲਾਤ ਗੁਜ਼ਰ ਚੁੱਕੇ ਜ਼ਮਾਨੇ ਦੀ ਛਾਤੀ ਵਿਚ ਲੁਕੇ ਚਲੇ ਗਏ ਹਨ।

Digitized by Panjab Digital Library / www.panjabdigilib.org

ਆਂਦਾ ਬਾਪ ਨੂੰ ਕਾਲਿਆਂ ਪਾਣੀਆਂ ਥੀਂ[1] । ੨੦ ।

ਜਿਨ੍ਹਾਂ ਗੋਲੀਆਂ ਨੇ ਮਾਰੀ ਚੰਦ ਕੌਰਾਂ,
ਉਨ੍ਹਾਂ ਤਾਈਂ ਹਜ਼ੂਰ ਚਾ ਸੱਦਿਆ ਈ ।
ਰਾਜੇ ਸਿੰਘਾਂ ਦਾ ਗਿਲਾ ਮਿਟਾਵਨੇ ਨੂੰ,
ਨੱਕ ਕੰਨ ਚਾ ਉਨ੍ਹਾਂ ਦਾ ਵੱਢਿਆ ਈ ।
ਰਾਜੇ ਸਿੰਘਾਂ ਨੂੰ ਅੰਦਰੋਂ ਹੁਕਮ ਕੀਤਾ,
ਓਨ੍ਹਾਂ ਅੰਦਰੋਂ ਬਾਹਰ ਚਾ ਕੱਢਿਆ ਈ ।
ਸ਼ਾਹ ਮੁਹੰਮਦਾ ਲਾਹ ਕੇ ਸਭ ਜ਼ੇਵਰ,
ਕਾਲਾ ਮੂੰਹ ਕਰ ਕੇ ਫੇਰ ਛੱਡਿਆ ਈ । ੨੧ ।

ਬਰਸ ਹੋਇਆ ਜਾਂ ਹਾਜ਼ਰੀ ਲੈਣ ਬਦਲੇ,
ਡੇਰਾ ਸ਼ਾਹਿ ਬਲਾਵਲ[2] ਲਗਾਂਵਦਾ ਈ ।
ਅਜੀਤ ਸਿੰਘ ਗੁੱਝੀ ਕਰਾਬੀਨ ਲੈ ਕੇ,
ਸ਼ੇਰ ਸਿੰਘ ਨੂੰ ਆਣ ਦਿਖਾਂਵਦਾ ਈ ।

---

2 ਇਥੇ ਇਸ਼ਾਰਾ ਦੋਸਤ ਮੁਹੰਮਦ ਖਾਨ ਦੇ ਪੁੱਤਰ ਮੁਹੰਮਦ ਅਕਬਰ ਖਾਨ ਵਲ ਹੈ ਜਿਸ ਨੇ ਕਾਬਲ ਵਿਚ ਸ਼ੋਰਸ਼ ਕਰ ਕੇ ਅੰਗਰੇਜ਼ਾਂ ਨੂੰ ਮਜਬੂਰ ਕਰ ਦਿੱਤਾ ਸੀ ਕਿ ਓਹ ਉਸ ਦੇ ਪਿਤਾ ਦੋਸਤ ਮੁਹੰਮਦ ਨੂੰ ਕਲਕੱਤਿਓਂ ਛੱਡ ਦੇਣ । ਵਾਪਸ ਜਾਂਦੀ ਵਾਰੀ ਅਮੀਰ ਦੋਸਤ ਮੁਹੰਮਦ ੧੧ ਜਨਵਰੀ ੧੮੪੩ ਨੂੰ ਲਾਹੌਰ ਵਿਚ ਮਹਾਰਾਜਾ ਸ਼ੇਰ ਸਿੰਘ ਨੂੰ ਮਿਲਿਆ । ਮਹਾਰਾਜਾ ਸਾਹਿਬ ਨੇ ਬੜੀ ਇੱਜ਼ਤ ਨਾਲ ਉਸ ਦਾ ਸ੍ਵਾਗਤ ਕੀਤਾ ਤੇ ਅੱਗੇ ਕਾਬੁਲ ਨੂੰ ਵਿਦਿਆ ਕੀਤਾ ।

3. ਸ਼ਾਹ ਬਿਲਾਵਲ ਦਾ ਮਕਬਰਾ ਲਾਹੌਰ ਦੇ ਚੜ੍ਹਦੇ ਵਲ ਪਿੰਡ ਕੋਟ ਖੁਆਜਾ ਸਈਦ ਦੇ ਚੜ੍ਹਦੇ ਪਾਸੇ ਬਾਗਬਾਨ ਪੁਰਾ ਤੇ ਭੋਗੀਵਾਲ ਤੋਂ ਇਕ ਮੀਲ ਦੀ ਵਿਥ ਤੇ ਹੈ । ਇਸ ਦੇ ਲਾਗੇ ਹੀ ਦੱਖਣ-ਲਹਿੰਦੇ ਨੂੰ ਹਕੀਕਤ ਰਾਇ ਦੀ ਸਮਾਧ ਹੈ ।

Digitized by Panjab Digital Library | www.panjabdigilib.org

ਸਿੱਧੀ ਜਦੋਂ ਸ਼ਾਹਜ਼ਾਦੇ ਨੇ ਨਜ਼ਰ ਕੀਤੀ,
ਜਲਦੀ ਨਾਲ ਚਾ ਕਲਾ ਦਬਾਂਵਦਾ ਈ।
ਸ਼ਾਹ ਮੁਹੰਮਦਾ ਜ਼ਿਮੀਂ ਤੇ ਪਿਆ ਤੜਫੇ,
ਤੇਗ਼ ਮਾਰ ਕੇ ਸੀਸ ਉਡਾਂਵਦਾ ਈ[1] ।੨੨।

ਲਹਿਣਾ ਸਿੰਘ ਜੋ ਬਾਗ਼[2] ਦੀ ਤਰਫ ਆਇਆ,
ਅੱਗੇ ਕੌਰ[3] ਜੋ ਹੋਮ[4] ਕਰਾਂਵਦਾ ਈ।
ਲਹਿਣਾ ਸਿੰਘ ਦੀ ਮੰਦੀ ਜੋ ਨਜ਼ਰ ਵੇਖੀ,
ਅੱਗੋਂ ਰੱਬ ਦਾ ਵਾਸਤਾ ਪਾਂਵਦਾ ਈ।
ਮੈਂ ਤਾਂ ਕਰਾਂਗਾ ਬਾਬਾ ਜੀ[5] ਟਹਿਲ ਤੇਰੀ,
ਹੱਥ ਜੋੜ ਕੇ ਸੀਸ ਨਿਵਾਂਵਦਾ ਈ।
ਸ਼ਾਹ ਮੁਹੰਮਦਾ ਓਸ ਨਾਂ ਇੱਕ ਮੰਨੀ,
ਤੇਗ਼ ਮਾਰ ਕੇ ਸੀਸ ਉਡਾਂਵਦਾ ਈ।੨੩।

ਸ਼ੇਰ ਸਿੰਘ ਪਰਤਾਪ ਸਿੰਘ ਮਾਰ ਕੇ ਜੀ,
ਸੰਧਾਂਵਾਲੀਏ ਸ਼ਹਿਰ ਨੂੰ ਉੱਠ ਧਾਏ।
ਰਾਜਾ ਮਿਲਿਆ ਤਾਂ ਕਹਿਆ ਅਜੀਤ ਸਿੰਘ ਨੇ,
ਸ਼ੇਰ ਸਿੰਘ ਨੂੰ ਮਾਰ ਕੇ ਅਸੀਂ ਆਏ।
ਗੱਲੀਂ ਲਾਇ ਕੇ ਕਿਲੇ ਦੇ ਵਿਚ ਆਂਦਾ,

---

1 ਪਾਠ-ਭੇਦ—'ਤੇਗ਼ ਮਾਰ ਕੇ ਸੀਸ ਲੈ ਜਾਂਵਦਾ ਈ'।

2. ਬਾਗ਼ ਤੇਜਾ ਸਿੰਘ, ਜੋ ਸ਼ਾਹ ਬਿਲਾਵਲ ਤੋਂ ਲਹਿੰਦੇ ਨੂੰ ਹੈ।

3. ਕੰਵਰ ਪ੍ਰਤਾਪ ਸਿੰਘ, ਮਹਾਰਾਜਾ ਸ਼ੇਰ ਸਿੰਘ ਦਾ ਪੁੱਤਰ।

4. ਤੁਲਾਦਾਨ।

5. ਰਿਸ਼ਤੇ ਵਿਚੋਂ ਸਰਦਾਰ ਲਹਿਣਾ ਸਿੰਘ ਸੰਧਾਵਾਲੀਆ ਦੂਰੋਂ ਮਹਾਰਾਜਾ ਸ਼ੇਰ ਸਿੰਘ ਦਾ ਚਾਚਾ ਲਗਦਾ ਸੀ ਤੇ ਇਸ ਤਰ੍ਹਾਂ ਕੰਵਰ ਪ੍ਰਤਾਪ ਸਿੰਘ ਦੇ ਬਾਬੇ ਵਰਗਾ ਸੀ।

Digitized by Panjab Digital Library / www.panjabdigilib.org

ਕੇਸੇ ਅਕਲ ਦੇ ਉਨ੍ਹਾਂ ਨੇ ਪੇਚ ਪਾਏ ।
ਜਿਨ੍ਹਾਂ ਮਾਰੀ ਸੀ ਰਾਣੀ ਚੰਦ ਕੌਰਾਂ,
ਸ਼ਾਹ ਮੁਹੰਮਦਾ ਉਨ੍ਹਾਂ ਦੇ ਸੀਸ ਲਾਹੇ[1] । ੨੪ ।

ਗੁਰਮੁਖ ਸਿੰਘ ਗਿਆਨੀ ਨੇ ਮੱਤ ਦਿੱਤੀ,
ਤੁਸਾਂ ਇਹ ਕਿਉਂ ਜੀਂਵਦਾ ਛੱਡਿਆ ਜੇ ।
ਮਗਰੋਂ ਮਹਿਰ ਘਸੀਟਾ ਤਾਂ ਬੋਲਿਆ ਈ,
ਏਹ ਸੁਖ਼ਨ ਸਲਾਹ ਦਾ ਕੱਢਿਆ ਜੇ ।
ਇੱਕ ਅੜਦਲੀ ਨੇ ਕਰਾਬੀਨ ਮਾਰੀ,
ਰੱਸਾ ਆਸ ਉਮੈਦ ਦਾ ਵੱਢਿਆ ਜੇ ।
ਸ਼ਾਹ ਮੁਹੰਮਦਾ ਜ਼ਿਮੀਂ ਤੇ ਪਿਆ ਤੜਫੇ,
ਦਲੀਪ ਸਿੰਘ[2] ਤਾਈਂ ਤੁਰਤ ਸੱਦਿਆ ਜੇ । ੨੫ ।

ਪਹਿਲੇ ਰਾਜੇ ਦੇ ਖ਼ੂਨ ਦਾ ਲਾਇ ਟਿੱਕਾ,
ਪਿੱਛੋਂ ਦਿੱਤੀਆਂ ਚਾਰ ਪਰਦੱਖਣਾ ਈਂ ।
ਤੇਰੇ ਵਾਸਤੇ ਹੋਏ ਨੀ ਸੱਭ ਕਾਰੇ,
ਅੱਗੇ ਸਾਹਬ ਸੱਚੇ ਤੈਨੂੰ ਰੱਖਣਾ ਈਂ ।

---

1. ਪਾਠ-ਭੇਦ - ਕਿੱਥੇ ਮਾਰੀ ਸੀ ਰਾਜਾ ਜੀ ਚੰਦ ਕੌਰਾਂ ਸ਼ਾਹ ਮੁਹੰਮਦਾ ਪੁਛਣੇ ਉਨ੍ਹਾਂ ਚਾਹੇ । ਇੱਥੋਂ ਇਹ ਭੀ ਪ੍ਰਤੀਤ ਹੁੰਦਾ ਕਿ ਸੰਧਾਵਾਲੀਏ ਸਰਦਾਰ ਰਾਣੀ ਚੰਦ ਕੌਰ ਦੇ ਮਾਰਨ ਦਾ ਜ਼ਿੰਮੇਵਾਰ ਰਾਜਾ ਧਿਆਨ ਸਿੰਘ ਨੂੰ ਸਮਝਦੇ ਸਨ ਅਤੇ ਉਸ ਦਾ ਬਦਲਾ ਲੈਣ ਦਾ ਖ਼ਿਆਲ ਭੀ ਧਿਆਨ ਸਿੰਘ ਨੂੰ ਮਾਰਨ ਦਾ ਇਕ ਕਾਰਣ ਹੋ ਸਕਦਾ ਹੈ ।

2. ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਪੁੱਤਰ ਜੋ ੨੩ ਭਾਦੋਂ ਸੰਮਤ ੧੮੯੫ ਮੁਤਾਬਕ ੬-੭ ਸਤੰਬਰ ੧੮੩੮ ਨੂੰ ਮਹਾਰਾਣੀ ਜਿੰਦ ਕੌਰ ਦੀ ਕੁੱਖੋਂ ਪੈਦਾ ਹੋਇਆ ਸੀ ।

Digitized by Panjab Digital Library | www.panjabdigilib.org

ਸਾਨੂੰ ਘੜੀ ਦੀ ਕੁਝ ਉਮੈਦ ਨਾਹੀਂ,
ਅੱਜ ਰਾਤ ਪ੍ਰਸਾਦ ਕਿਨ ਚੱਖਣਾ ਈਂ।
ਤੇਰੇ ਵੱਲ ਜੋ ਕਰੇਗਾ ਨਜ਼ਰ ਮੰਦੀ,
ਸ਼ਾਹ ਮੁਹੰਮਦਾ ਕਰਾਂਗੇ ਸੱਖਣਾ ਈਂ। ੨੬।

ਹੀਰਾ ਸਿੰਘ[1] ਨੂੰ ਰਾਜੇ ਦੀ ਖਬਰ ਹੋਈ,
ਸੂਬੇਦਾਰਾਂ ਨੂੰ ਸੱਦ ਕੇ ਤੁਰਤ ਚੜ੍ਹਿਆ।
ਧੌਂਸਾ ਮਾਰ ਕੇ ਫੌਜ ਲੈ ਨਾਲ ਸਾਰੀ,
ਗੁੱਸੇ ਨਾਲ ਓਹ ਸ਼ਹਿਰ ਦੇ ਵਿਚ ਵੜਿਆ।
ਰਾਜਪੂਤ ਸੀ ਡੋਗਰਾ ਬਹੁਤ ਚੰਗਾ,
ਸੰਧਾਂਵਾਲੀਆਂ ਦੇ ਨਾਲ ਖੂਬ ਲੜਿਆ।
ਸ਼ਾਹ ਮੁਹੰਮਦਾ ਅਜੀਤ ਸਿੰਘ ਮੋਇਆ ਲੱਧਾ,
ਲੈਹਣਾ ਸਿੰਘ ਜੋ ਜੀਂਵਦਾ ਆਣ ਫੜਿਆ[2]। ੨੭।

ਦੋਹਾਂ ਧਿਰਾਂ ਤੋਂ ਬਹੁਤ ਸੂਰਮਤ ਹੋਈ,
ਖੰਡਾ ਵਿੱਚ ਮੈਦਾਨ ਵਜਾਇ ਗਏ।
ਸ਼ੇਰ ਸਿੰਘ ਨਾ ਕਿਸੇ ਨੂੰ ਵਧਣ ਦੇਂਦਾ,
ਸਾਰੇ ਮੁਲਖ ਥੀਂ ਕਲਾ ਮਿਟਾਇ ਗਏ।
ਰਾਜਾ ਕਰਦਾ ਸੀ ਮੁਲਖ ਦੀ ਪਾਦਸ਼ਾਹੀ,
ਪਿੱਛੇ ਰੱਯੀਤਾਂ ਨੂੰ ਵਖ਼ਤ ਪਾਇ ਗਏ।
ਸ਼ਾਹ ਮੁਹੰਮਦਾ ਮਾਰ ਕੇ ਮੋਏ ਦੋਵੇਂ,
ਚੰਗੇ ਸੂਰਮੇਂ ਹੱਥ ਵਖਾਇ ਗਏ। ੨੮।

ਦੁੱਲੇ ਭੱਟੀ ਨੂੰ ਗਾਂਵਦਾ ਜੱਗ ਸਾਰਾ,

---

1. ਧਿਆਨ ਸਿੰਘ ਵਜ਼ੀਰ ਦਾ ਪੁੱਤਰ ਹੀਰਾ ਸਿੰਘ।

2 ਸਰਦਾਰ ਲਹਿਣਾ ਸਿੰਘ ਕਿਲੇ ਦੀ ਦੀਵਾਰ ਤੋਂ ਲਮਕਦਾ ਮਾਰਿਆ ਗਿਆ ਸੀ।

Digitized by Panjab Digital Library | www.panjabdigilib.org

ਜੈਮਲ ਫੱਤੇ ਦੀਆਂ ਵਾਰਾਂ ਸਾਰੀਆਂ ਨੀ।
ਮੀਰਦਾਦ ਜਹਾਨ ਦੇ ਸਤਰ ਅੰਦਰ,
ਮੋਈਆਂ ਰਾਣੀਆਂ ਮਾਰ ਕਟਾਰੀਆਂ ਨੀ।
ਸੰਧਾਵਾਲੀਆਂ ਜੇਹੀ ਨਾ ਕਿਸੇ ਕੀਤੀ,
ਤੇਗਾਂ ਵਿਚ ਦਰਬਾਰ ਦੇ ਮਾਰੀਆਂ ਨੀ।
ਸ਼ਾਹ ਮੁਹੰਮਦਾ ਮੋਏ ਨੀ ਬੀਰ ਹੋ ਕੇ,
ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੀ। ੨੯।

ਪਿੱਛੋਂ ਆ ਕੇ ਸਭਨਾਂ ਨੂੰ ਫ਼ਿਕਰ ਹੋਇਆ,
ਸੋਚੀਂ ਪਏ ਨੀ ਸਭ ਸਰਦਾਰ ਮੀਆਂ।
ਅੱਗੇ ਰਾਜ ਆਇਆ ਹੱਥ ਬੁਰਛਿਆਂ ਦੇ,
ਪਈ ਖੜਕਦੀ ਨਿੱਤ ਤਲਵਾਰ ਮੀਆਂ।
ਗੱਦੀ ਵਾਲਿਆਂ ਨੂੰ ਜੇਹੜੇ ਮਾਰ ਲੈਂਦੇ,
ਹੋਰ ਕਹੋ ਕਿਸਦੇ ਪਾਣੀਹਾਰ ਮੀਆਂ।
ਸ਼ਾਹ ਮੁਹੰਮਦਾ ਧੁਰੋਂ ਤਲਵਾਰ ਵਗਦੀ,
ਖ਼ਾਲੀ ਨਹੀਂ ਜਾਣਾ ਕੋਈ ਵਾਰ ਮੀਆਂ[1]। ੩੦।

ਮਹਾਂ ਬਲੀ ਸਰਦਾਰ ਸੀ ਪੰਥ ਵਿੱਚੋਂ,
ਡਿੱਠੀ ਬਣੀ ਕੁਚੱਲਣੀ ਚਾਲ ਮੀਆਂ।
ਦਿਲ ਆਪਣੇ ਬੈਠ ਵਿਚਾਰ ਕਰਦਾ,
ਏਥੇ ਕਈਆਂ ਦੇ ਹੋਣਗੇ ਕਾਲ ਮੀਆਂ।
ਲਹਿਣਾ ਸਿੰਘ ਸਰਦਾਰ ਮਜੀਠੀਆ ਸੀ,
ਵੱਡਾ ਅਕਲ ਦਾ ਕੋਟ ਕਮਾਲ ਮੀਆਂ।
ਸ਼ਾਹ ਮੁਹੰਮਦਾ ਤੁਰ ਗਿਆ ਤੀਰਥਾਂ ਨੂੰ,

1. ਪਾਠ-ਭੇਟ—'ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ, ਖ਼ਾਲੀ ਨਹੀਂ ਜਾਣਾ ਕੋਈ ਵਾਰ ਮੀਆਂ।'

Digitized by Panjab Digital Library | www.panjabdigilib.org

ਸੱਭੇ ਛੱਡ ਕੇ ਦੰਗ ਦਵਾਲ ਮੀਆਂ[1] । ੩੧ ।

ਦਲੀਪ ਸਿੰਘ ਗੱਦੀ ਉਤੇ ਰਹੇ ਬੈਠਾ,
ਹੀਰਾ ਸਿੰਘ ਜੋ ਰਾਜ ਕਮਾਂਵਦਾ ਈ ।
ਜੱਲ੍ਹਾ ਓਸ ਦਾ ਖ਼ਾਸ ਵਜ਼ੀਰ ਹੈਸੀ,
ਖ਼ਾਤਰ ਤਲੇ ਨਾ ਕਿਸੇ ਨੂੰ ਲਿਆਂਵਦਾ ਈ।
ਅੰਦਰ ਬਾਹਰ ਸਰਕਾਰ[2] ਨੂੰ ਪਿਆ ਘੂਰੇ,
ਕਹੇ ਕੁਝ ਤੇ ਕੁਝ ਕਮਾਂਵਦਾ ਈ ।
ਸ਼ਾਹ ਮੁਹੰਮਦਾ ਪੰਥ ਨੂੰ ਦੁਖ ਦੇਂਦਾ,
ਹੀਰਾ ਸਿੰਘ ਦਾ ਨਾਸ ਕਰਾਂਵਦਾ ਈ । ੩੨ ।

ਸਿੰਘਾਂ ਲਿਖਿਆ ਖਤ ਸੁਚੇਤ ਸਿੰਘ[3] ਨੂੰ,

---

1. ਸਰਦਾਰ ਲਹਿਣਾ ਸਿੰਘ ਮਜੀਠੀਆ ਸਰਦਾਰ ਦੇਸਾ ਸਿੰਘ ਮਜੀਠੀਏ ਦਾ ਪੁੱਤਰ ਸੀ । ਸੰਨ ੧੮੪੫ ਦੀਆਂ ਗਰਮੀਆਂ ਵਿਚ ਪੰਜਾਬ ਦੀ ਹਾਲਤ ਖ਼ਰਾਬ ਹੁੰਦੀ ਵੇਖ ਕੇ ਸਰਦਾਰ ਲਹਿਣਾ ਸਿੰਘ ਦੇਸੋਂ ਬਨਾਰਸ ਵਲ ਨੂੰ ਤੁਰ ਗਿਆ । ਪਰ ਉਥੇ ਭੀ ਉਸ ਨੂੰ ਸੁਖ ਨਾ ਮਿਲਿਆ । ਜਦ ਅੰਗਰੇਜ਼ਾਂ ਤੇ ਸਿੰਘਾਂ ਦੇ ਲੜਾਈ ਲਗ ਪਈ ਅਤੇ ਸਰਦਾਰ ਲਹਿਣਾ ਸਿੰਘ ਦੇ ਭਰਾ ਸਰਦਾਰ ਰਣਜੋਧ ਸਿੰਘ ਮਜੀਠੀਏ ਨੇ ਅੰਗਰੇਜ਼ਾਂ ਦੀ ਲੁਧਿਆਣੇ ਦੀ ਛਾਉਣੀ ਦਾ ਕੁਝ ਹਿੱਸਾ ਫੂਕ ਦਿੱਤਾ, ਅਤੇ ਸਰ ਹੈਰੀ ਸਮਿੱਥ ਨੂੰ ਨੁਕਸਾਨ ਪਹੁੰਚਾਇਆ ਤਾਂ ਸਰਕਾਰ ਹਿੰਦ ਦੇ ਹੁਕਮ ਨਾਲ ਸਰਦਾਰ ਲਹਿਣਾ ਸਿੰਘ ਨੂੰ ਨਜ਼ਰ-ਬੰਦ ਕਰ ਦਿੱਤਾ ਗਿਆ ਅਤੇ ਉਸ ਦੇ ਮਾਲ ਅਸਬਾਬ ਉੱਤੇ ਕਬਜ਼ਾ ਕਰ ਲਿਆ ਅਤੇ ਤਿੰਨ ਮਹੀਨੇ ਪਿੱਛੋਂ ਬੜੀਆਂ ਮੁਸ਼ਕਲਾਂ ਨਾਲ ਖਲਾਸੀ ਹੋਈ ।

2 ਸਰਕਾਰ—ਰਾਜ-ਮਾਤਾ ਮਹਾਰਾਣੀ ਜਿੰਦ ਕੌਰ ।

3. ਧਿਆਨ ਸਿੰਘ ਤੇ ਗੁਲਾਬ ਸਿੰਘ ਦਾ ਭਰਾ ਮੀਆਂ ਸੁਚੇਤ ਸਿੰਘ

Digitized by Panjab Digital Library | www.panjabdigilib.org

ਬੁਰਾ ਕਰਨਹਾਰਾ ਜੱਲ੍ਹਾ ਠੀਕਦਾ ਈ।
ਜਲਦੀ ਪਹੁੰਚ ਵਜ਼ੀਰ ਬਣਾ ਲਈਏ,
ਤੈਨੂੰ ਖ਼ਾਲਸਾ ਪਿਆ ਉਡੀਕਦਾ ਈ।
ਅਕਸਰ ਰਾਜ ਪਿਆਰੇ ਨੇ ਰਾਜਿਆਂ ਨੂੰ,
ਹੀਰਾ ਸਿੰਘ ਤਾ ਪੁੱਤ ਸ਼ਰੀਕਦਾ ਈ।
ਸ਼ਾਹ ਮੁਹੰਮਦਾ ਜੱਲ੍ਹੇ ਦਾ ਨੱਕ ਵੱਢੋ,
ਭੱਜ ਜਾਇਗਾ ਮਾਰਿਆ ਲੀਕਦਾ ਈ। ੩੩।

ਜਿਸ ਵੇਲੜੇ ਰਾਜੇ ਨੇ ਖ਼ਤ ਪੜ੍ਹਿਆ,
ਜਾਮੇ ਵਿਚ ਨਾ ਮੂਲ ਸਮਾਂਵਦਾ ਈ।
ਵਗਾ-ਤੱਗ ਲਾਹੌਰ ਨੂੰ ਅਸਾਂ ਜਾਣਾ,
ਡੇਰੇ ਕਾਠੀਆਂ ਚਾ ਪਵਾਉਂਦਾ ਈ।
ਮੰਜੀ ਕਾਕੜੀ ਫ਼ੌਜ ਉਤਾਰ ਕੇ ਜੀ,
ਬਾਈ ਆਦਮੀ ਨਾਲ ਲੈ ਆਂਵਦਾ ਈ।
ਸ਼ਾਹ ਮੁਹੰਮਦਾ ਆਣ ਲਾਹੌਰ ਪਹੁੰਚਾ,
ਮੀਆਂਮੀਰ ਡੇਰਾ ਆਣ ਲਾਂਵਦਾ ਈ। ੩੪।

ਹੀਰਾ ਸਿੰਘ ਨੂੰ ਰਾਜੇ ਦੀ ਖ਼ਬਰ ਹੋਈ,
ਤੁਰਤ ਪੜਤਲਾਂ ਸਭ ਲਪੇਟੀਆਂ ਨੀ।
ਸਿੰਘਾਂ ਆਖਿਆ ਰਾਜਾ ਜੀ ਜਾਓ ਮੁੜ ਕੇ,
ਫ਼ੌਜਾਂ ਰਹਿੰਦੀਆਂ ਨਹੀਂ ਸਮੇਟੀਆਂ ਨੀ।
ਸਿੱਧੇ ਜੀਂਵਦਾ ਜਾਣ ਮਹਾਲ ਜੰਮੂ,
ਤਾਨੇ ਦੇਣ ਰਜਪੂਤਾਂ ਦੀਆਂ ਬੇਟੀਆਂ ਨੀ।
ਸ਼ਾਹ ਮੁਹੰਮਦਾ ਆਇਆ ਵਜ਼ੀਰੀ ਲੈ ਕੇ,
ਆਖਣ ਸਭ ਪਹਾੜ ਡੁਮੇਟੀਆਂ ਨੀ। ੩੫।

ਤੋਪਾਂ ਜੋੜ ਕੇ ਪੜਤਲਾਂ ਨਾਲ ਲੈ ਕੇ,
ਚਾਚੇ ਸਕੇ ਉੱਤੇ ਹੀਰਾ ਸਿੰਘ ਚੜ੍ਹਦਾ।

Digitized by Panjab Digital Library | www.panjabdigilib.org

ਜਦੋਂ ਫ਼ੌਜ ਨੇ ਘੱਤਿਆ ਆਣ ਘੇਰਾ,
ਖੰਡਾ ਖਿੱਚ ਕੇ ਸਾਰ ਦਾ ਹੱਥ ਫੜਦਾ ।
ਭੀਮ ਸਿੰਘ ਤੇ ਕੇਸਰੀ ਸਿੰਘ ਸਾਰੇ,
ਲੈ ਕੇ ਦੋਹਾਂ ਨੂੰ ਕਟਕ ਦੇ ਵਿਚ ਵੜਦਾ ।
ਸ਼ਾਹ ਮੁਹੰਮਦਾ ਟਿੱਕੇ ਦੀ ਲਾਜ ਰੱਖੀ,
ਮੱਥੇ ਸਾਹਮਣੇ ਹੋਇ ਕੇ ਖ਼ੂਬ ਲੜਦਾ । ੩੬ ।

ਸਿੰਘ ਜੱਲ੍ਹੇ ਦੇ ਹੱਥੋਂ ਜੋ ਤੰਗ ਆਏ,
ਦਿਲਾਂ ਵਿਚ ਕਚੀਚੀਆਂ ਖਾਂਵਦੇ ਨੀ ।
ਅੱਗੇ ਸੱਤ ਤੇ ਅੱਠ ਸੀ ਤਲਬ ਸਾਰੀ,
ਬਾਰਾਂ ਜ਼ੋਰ ਦੇ ਨਾਲ ਕਰਾਂਵਦੇ ਨੀ ।
ਕਈ ਆਖਦੇ ਦੇਹ ਇਨਾਮ ਸਾਨੂੰ,
ਲੈ ਕੇ ਬੁਧਕੀਆਂ ਗਲੇ ਚਾ ਪਾਂਵਦੇ ਨੀ ।
ਸ਼ਾਹ ਮੁਹੰਮਦਾ ਜੱਲ੍ਹੇ ਦੇ ਮਾਰਨੇ ਨੂੰ,
ਪੰਜ ਕੌਂਸਲੀ ਚਾ ਬਣਾਂਵਦੇ ਨੀ । ੩੭ ।

ਹੋਇਆ ਹੁਕਮ ਜਾਂ ਬਹੁਤ ਮਹਾਵਤਾਂ ਨੂੰ,
ਹੌਦੇ ਸੋਨੇ ਦੇ ਚਾਇ ਕਸਾਂਵਦੇ ਨੀ ।
ਤਰਫ਼ ਜੰਮੂ ਦੀ ਮੂੰਹ ਮਰੋੜ ਚੱਲੇ,
ਸਾਨੂੰ ਆਇ ਕੇ ਸਿੰਘ ਮਨਾਂਵਦੇ ਨੀ ।
ਘੇਰੇ ਅਜਲ ਦੇ ਅਕਲ ਨਾ ਮੂਲ ਆਈ,
ਬੁਰਾ ਆਪਣਾ ਆਪ ਕਰਾਂਵਦੇ ਨੀ ।
ਸ਼ਾਹ ਮੁਹੰਮਦਾ ਸਿੰਘ ਲੈ ਮਿਲੇ ਤੋਪਾਂ,
ਅੱਗੋਂ ਗੋਲਿਆਂ ਨਾਲ ਉਡਾਂਵਦੇ ਨੀ[1] । ੩੮ ।

---

[1] ਇਹ ਵਾਕਿਆ ੯ ਪੋਹ ਸੰਮਤ ੧੯੦੧ ਬਿ. ਮੁਤਾਬਕ ੨੧ ਦਸੰਬਰ ਸੰਨ ੧੮੪੪ ਦਾ ਹੈ।

Digitized by Panjab Digital Library | www.panjabdigilib.org

ਹੀਰਾ ਸਿੰਘ ਤੇ ਜੱਲ੍ਹੇ ਨੂੰ ਮਾਰ ਕੇ ਜੀ,
ਜਵਾਹਰ ਸਿੰਘ[1] ਵਜ਼ੀਰ ਬਨਾਂਵਦੇ ਨੀ।
ਤਰਫ਼ ਜੰਮੂ ਪਹਾੜ ਦੀ ਹੋ ਟੁਰੇ,
ਰਾਹੀਂ ਸ਼ੋਰ ਖਰੂਦ ਮਚਾਂਵਦੇ ਨੀ।
ਓਥੋਂ ਰਾਜਾ ਗੁਲਾਬ ਸਿੰਘ ਬੰਨ੍ਹ ਆਂਦਾ[2],
ਕੈਂਠੇ ਫੇਰ ਲੈ ਕੇ ਗਲੀਂ ਪਾਂਵਦੇ ਨੀ।
ਸ਼ਾਹ ਮੁਹੰਮਦਾ ਅਸਾਂ ਹੁਣ ਕੜੇ ਲੈਣੇ,
ਜਵਾਹਰ ਸਿੰਘ ਨੂੰ ਆਖ ਸੁਣਾਂਵਦੇ ਨੀ। ੩੯।

ਕਿਹਾ ਬੁਰਛਿਆਂ ਆਣ ਅੰਧੇਰ ਪਾਇਆ,
'ਜੇਹੜਾ ਬਹੇ ਗੱਦੀ ਓਹਨੂੰ ਮਾਰ ਲੈਂਦੇ।
ਕੜੇ ਕੈਂਠੇ ਇਨਾਮ ਰੁਪਏ ਬਾਰਾਂ,
ਕਦੇ ਪੰਜ ਤੇ ਸੱਤ ਨਾ ਚਾਰ ਲੈਂਦੇ।
ਕਈ ਤੁਰੇ ਨੀ ਕਿਲੇ ਦੀ ਲੁਟ ਕਰ ਕੇ,
ਕਈ ਸ਼ਹਿਰ ਦੇ ਲੁਟ ਬਜ਼ਾਰ ਲੈਂਦੇ।
ਸ਼ਾਹ ਮੁਹੰਮਦਾ ਚੜ੍ਹੇ ਮਝੈਲ ਡੱਈਏ,
ਪੈਸਾ ਤਲਬ ਦਾ ਨਾਲ ਪੈਜ਼ਾਰ ਲੈਂਦੇ। ੪੦।

ਪਿੱਛੇ ਇਕ ਸਰਕਾਰ ਦੇ ਖੇਡ ਵਿਚਲੀ,
ਪਈ ਨਿੱਤ ਹੁੰਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸੱਭੋ ਕਤਲ ਹੋਏ ਵਾਰੋ ਵਾਰ ਮੀਆਂ।

---

1. ਮਹਾਰਾਣੀ ਜਿੰਦ ਕੌਰ ਦਾ ਭਾਈ ਅਤੇ ਮਹਾਰਾਜਾ ਦਲੀਪ ਸਿੰਘ ਦਾ ਮਾਮਾ।

2. ਵੇਰਵੇ ਲਈ ਵੇਖੋ ਗੰਡਾ ਸਿੰਘ, 'ਸਰਦਾਰ ਸ਼ਾਮ ਸਿੰਘ ਅਟਾਰੀਵਾਲਾ,' ੧੫੧-੬੨।

Digitized by Panjab Digital Library | www.panjabdigilib.org

ਸਿਰ ਫ਼ੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਏ ਸ਼ੁਤਰ ਜਯੋਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ। ੪੧।

ਜਵਾਹਰ ਸਿੰਘ ਦੇ ਉੱਤੇ ਨੀ ਚੜ੍ਹੇ ਸਾਰੇ,
ਮੱਥਾ ਖ਼ੂਨੀਆਂ ਵਾਂਗ ਚਾ ਵੱਟਿਓ ਨੇ[1]।
ਡਰਦਾ ਭਾਂਣਜੇ ਨੂੰ ਲੈ ਕੇ ਮਿਲਨ ਆਇਆ,
ਅੱਗੋਂ ਨਾਲ ਸੰਗੀਨਾਂ ਦੇ ਫੱਟਿਓ ਨੇ।
ਸੀਖਾਂ ਨਾਲ ਉੜੁੰਬ ਕੇ ਫ਼ੀਲ ਉੱਤੋਂ,
ਕੱਢ ਹੌਦਿਓਂ ਜ਼ਿਮੀਂ ਤੇ ਸੁੱਟਿਓ ਨੇ।
ਸ਼ਾਹ ਮੁਹੰਮਦਾ ਵਾਸਤੇ ਪਾਇ ਰਹਿਆ,
ਸਿਰ ਨਾਲ ਤਲਵਾਰ ਦੇ ਕੱਟਿਓ[2]। ੪੨।

ਮਾਈ ਕੈਦ ਕਨਾਤ ਦੇ ਵਿਚ ਕੀਤੀ[3],
ਕਿਸ ਨੂੰ ਰੋਇ ਕੇ ਪਈ ਸੁਣਾਵਨੀਂ ਹੈਂ।

---

1. ਖ਼ਾਲਸਾ ਫ਼ੌਜਾਂ ਨੂੰ ਸਰਦਾਰ ਜਵਾਹਰ ਸਿੰਘ ਦੇ ਵਿਰੁਧ ਇਸ ਕਰਕੇ ਗੁੱਸਾ ਸੀ ਕਿ ਉਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਕੰਵਰ ਪਸ਼ੌਰਾ ਸਿੰਘ ਨੂੰ ਅਟਕ ਦੇ ਕਿਲੇ ਮਰਵਾ ਦਿੱਤਾ ਸੀ। ਇਸ ਤੋਂ ਇਲਾਵਾ ਗੁਲਾਬ ਸਿੰਘ ਦੇ ਆਦਮੀ ਮੀਆਂ ਪਿਰਥੀ ਸਿੰਘ ਤੇ ਦੂਸਰੇ ਰਾਜਪੂਤਾਂ ਨੇ ਖਾਲਸਿਆਂ ਨੂੰ ਭੜਕਾ ਕੇ ਸਰਦਾਰ ਜਵਾਹਰ ਸਿੰਘ ਨੂੰ ਕਤਲ ਕਰ ਦੇਣ ਦੀ ਪੱਟੀ ਪੜ੍ਹਾਈ ਹੋਈ ਸੀ।

2. ੮ ਅਸੂ ਸੰਮਤ ੧੯੦੨, ਮੁਤਾਬਕ ੨੧ ਸਤੰਬਰ ੧੮੪੫ ਈ.।

3. ਇੱਥੇ ਸ਼ਾਹ ਮੁਹੰਮਦ ਨੂੰ ਭੁਲੇਖਾ ਲੱਗਾ ਜਾਪਦਾ ਹੈ। ਮਹਾਰਾਣੀ ਨੂੰ ਕਿਸੇ ਨੇ ਕੋਈ ਤਕਲੀਫ਼ ਨਹੀਂ ਸੀ ਹੋਣ ਦਿੱਤੀ।

Digitized by Panjab Digital Library | www.panjabdigilib.org

ਤੇਰਾ ਕੌਣ ਹਮਾਇਤੀ ਸੁਣਨ ਵਾਲਾ,
ਜਿਸ ਨੂੰ ਪਾਇ ਕੇ ਵੈਣ ਦਿਖਾਵਨੀਂ ਹੈਂ ।
ਕੇਹੜੇ ਪਾਤਸ਼ਾਹ ਦਾ ਪੁੱਤ ਮੋਇਆ ਸਾਥੋਂ,
ਜੇਹੜੇ ਡੂੰਘੜੇ ਵੈਣ ਤੂੰ ਪਾਵਨੀਂ ਹੈਂ ।
ਸ਼ਾਹ ਮੁਹੰਮਦਾ ਦੇਹ ਇਨਾਮ ਸਾਨੂੰ,
ਸਾਡੇ ਜ਼ੋਰ ਤੇ ਰਾਜ ਕਮਾਵਨੀ ਹੈਂ । ੪੩ ।

ਪਈ ਝੁਰਦੀ ਏ ਰਾਣੀ ਜਿੰਦ ਕੌਰਾਂ,
ਕਿੱਥੋਂ ਕੱਢਾਂ ਮੈਂ ਕਲਗੀਆਂ ਨਿੱਤ ਤੋੜੇ ।
ਮੇਰੇ ਸਾਹਮਣੇ ਕੋਹਿਆ ਏ ਵੀਰ ਮੇਰਾ,
ਜਿਸ ਦੀ ਤਾਬਿਆ ਲੱਖ ਹਜ਼ਾਰ ਘੋੜੇ ।
ਕਿੱਥੋਂ ਕੱਢਾਂ ਮੈਂ ਦੇਸ ਫ਼ਰੰਗੀਆਂ ਦਾ,
ਕੋਈ ਮਿਲੇ ਜੋ ਇਨ੍ਹਾਂ ਦਾ ਗਰਬ ਤੋੜੇ ।
ਸ਼ਾਹ ਮੁਹੰਮਦਾ ਓਸ ਥੀਂ ਜਾਨ ਵਾਰਾਂ,
ਜੁਆਹਰ ਸਿੰਘ ਦਾ ਵੈਰ ਜੋ ਕੋਈ ਮੋੜੇ । ੪੪ ।

ਮੈਨੂੰ ਆਣ ਚੁਫ਼ੇਰਿਓਂ ਘੂਰਦੇ ਨੀ,
ਲੈਂਦੇ ਮੁਫ਼ਤ ਇਨਾਮ ਰੁਪਏ ਬਾਰਾਂ ।
ਜੱਟੀ ਹੋਵਾਂ ਤੇ ਕਰਾਂ ਪੰਜਾਬ ਰੰਡੀ,
ਸਾਰੇ ਦੇਸ ਦੇ ਵਿਚ ਚਾ ਤੁਰਨ ਵਾਰਾਂ ।
ਛੱਡਾਂ ਨਹੀਂ ਲਾਹੌਰ ਦੇ ਵੜਨ ਜੋਗੇ,
ਸਣੇ ਵੱਡਿਆਂ ਅਫਸਰਾਂ ਜਮਾਦਾਰਾਂ ।
ਪਏ ਰੁਲਣ ਏਹ ਵਿਚ ਪਰਦੇਸ ਮਰਦੇ,
ਸ਼ਾਹ ਮੁਹੰਮਦਾ ਮਾਰਨੀਂ ਏਸ ਮਾਰਾਂ । ੪੫ ।

ਜਿਨ੍ਹਾਂ ਮਾਰਿਆ ਕੋਹਿ ਕੇ ਵੀਰ ਮੇਰਾ,
ਮੈਂ ਤਾਂ ਕਰਾਂਗੀ ਓਨ੍ਹਾਂ ਦੀਆਂ ਜੰਡੀਆਂ ਨੀ ।

Digitized by Panjab Digital Library | www.panjabdigilib.org

ਧਾਕਾਂ ਜਾਣ ਵਲਾਇਤੀਂ ਦੇਸ ਸਾਰੇ[1],
ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ।
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ,
ਨੱਥ ਚੌਂਕ ਤੇ ਵਾਲੀਆਂ ਡੰਡੀਆਂ ਨੀ।
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ,
ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ। ੪੬।

ਅਰਜ਼ੀ ਲਿਖੀ ਫ਼ਰੰਗੀ ਨੂੰ[2] ਕੁੰਜ ਗੋਸ਼ੇ,
ਪਹਿਲੇ ਆਪਣਾ ਸੁਖ ਅਨੰਦ ਵਾਰੀ।
ਤੇਰੀ ਵੱਲ ਮੈਂ ਫ਼ੌਜ ਨੂੰ ਭੇਜਨੀ ਆਂ,
ਖੱਟੇ ਕਰੀਂ ਤੂੰ ਇਨ੍ਹਾਂ ਦੇ ਦੰਦ ਵਾਰੀ।
ਜੇਹੜਾ ਜ਼ੋਰ ਤੂੰ ਆਪਣਾ ਸਭ ਲਾਵੀਂ,
ਪਿੱਛੋ ਖਰਚ ਮੈਂ ਕਰਾਂਗੀ ਬੰਦ ਵਾਰੀ।
ਸ਼ਾਹ ਮੁਹੰਮਦਾ ਫੇਰ ਨਾ ਆਉਣ ਮੁੜ ਕੇ,
ਮੈਨੂੰ ਇਤਨੀ ਬਾਤ ਪਸੰਦ ਵਾਰੀ। ੪੭।

ਪਹਿਲੇ ਪਾਰ ਦਾ ਮੁਲਖ ਤੂੰ ਮੱਲ ਸਾਡਾ,

1. ਪਾਠ-ਭੇਦ—ਧੁੰਮਾ ਜਾਣ ਵਲਾਇਤੀਂ ਪੇਸ਼ ਜਾਣਾ......

2. ਸਰਕਾਰ ਹਿੰਦ ਅਤੇ ਸਰਕਾਰ ਪੰਜਾਬ ਦੇ ਰੀਕਾਰਡ ਵਿਚ ਐਸੀ ਕੋਈ ਲਿਖਤ ਨਹੀਂ ਜਿਸ ਤੋਂ ਇਹ ਪਤਾ ਲਗ ਸਕੇ ਕਿ ਮਹਾਰਾਣੀ ਜਿੰਦ ਕੌਰ ਨੇ ਅੰਗਰੇਜ਼ਾਂ ਨੂੰ ਇਸ ਭਾਵ ਦੀ ਕੋਈ ਚਿੱਠੀ ਲਿਖੀ ਸੀ। ਇਹ ਗੱਲ ਉਨ੍ਹਾਂ ਲੋਕਾਂ ਵਲੋਂ ਉਡਾਈ ਗਈ ਜਾਪਦੀ ਹੈ ਜੋ ਖੁਦ ਅੰਗਰੇਜ਼ਾਂ ਨਾਲ ਰਲੇ ਹੋਏ ਸਨ ਅਤੇ ਆਪਣੇ ਪਾਪ ਮਹਾਰਾਣੀ ਦੇ ਮੱਥੇ ਮੜ੍ਹ ਕੇ ਆਪਣੇ ਆਪ ਨੂੰ ਬਰੀ ਕਰਨਾ ਚਾਹੁੰਦੇ ਹਨ।

Digitized by Panjab Digital Library / www.panjabdigilib.org

ਆਪੇ ਖਾ ਗੁੱਸੇ ਤੈਥੀਂ ਆਵਣੀਗੇ[1]।
ਸੋਈ ਲੜਨਗੇ ਹੋਣ ਬੇਖ਼ਬਰ ਜੇਹੜੇ,
ਮੱਥਾ ਕਦੀ ਸਰਦਾਰ ਨਾ ਡਾਹੁਣੀਗੇ।
ਏਸੇ ਵਾਸਤੇ ਫ਼ੌਜ ਮੈਂ ਪਾੜ ਛੱਡੀ,
ਕਈ ਭਾਂਜ ਅਚਾਨਕੀ ਪਾਵਣੀਗੇ[2]।
ਸ਼ਾਹ ਮੁਹੰਮਦਾ ਲਾਟ ਜੀ ਕਟਕ ਤੇਰੇ,
ਮੇਰੇ ਗਲੋਂ ਤਗਾਦੜਾ ਲਾਹੁਣੀਗੇ। ੪੮।

ਲੰਡਨ ਕੰਪਨੀ ਸਾਹਿਬ ਕਿਤਾਬ ਡਿੱਠੀ,
ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ।
ਟੁੰਡੇ ਲਾਟ[3] ਨੇ ਚੁੱਕਿਆ ਆਣ ਬੀੜਾ,
ਹਮੀ ਸੀਖ ਸਿਉਂ ਜਾਇ ਕੇ ਲੜੇਗਾ ਜੀ।
ਘੰਟੇ ਤੀਨ ਮੇ ਜਾ ਲਾਹੌਰ ਮਾਰਾਂ,

---

1. ਕੋਈ ਲੜਾਈ ਹੋਣ ਤੋਂ ਪਹਿਲਾਂ ਹੀ ਈਸਟ ਇੰਡੀਆ ਕੰਪਣੀ ਦੇ ਗਵਰਨਰ-ਜਨਰਲ ਸਰ ਹੈਨਰੀ ਹਾਰਡਿੰਗ ਨੇ ਸਤਲੁਜ ਦੇ ਦੱਖਣ ਨੂੰ ਸਰਕਾਰ ਲਾਹੌਰ ਅਤੇ ਕਪੂਰਥਲੇ ਦੇ ਇਲਾਕੇ ਜ਼ਬਤ ਕਰ ਲਏ ਸਨ।

2. ਫ਼ੌਜ ਦਾ ਕਮਾਂਡਰ-ਇਨ-ਚੀਫ਼ ਮਿੱਸਰ ਤੇਜ ਸਿੰਘ ਤੇ ਸਰਕਾਰ ਲਾਹੌਰ ਦਾ ਵੱਡਾ ਵਜ਼ੀਰ ਮਿੱਸਰ ਲਾਲ ਸਿੰਘ ਅੰਦਰੋ ਅੰਦਰ ਅੰਗਰੇਜ਼ਾਂ ਨਾਲ ਰਲੇ ਹੋਏ ਸਨ। ਇਨ੍ਹਾਂ ਨੇ ਅੰਗਰੇਜ਼ਾਂ ਨਾਲ ਕੀਤੀ ਹੋਈ ਸਲਾਹ ਦੇ ਮੁਤਾਬਕ ਫ਼ੌਜ ਹਰਾ ਦਿੱਤੀ।

ਇਹ ਹਾਲ ਚੂੰਕਿ ਲੜਾਈ ਹੋ ਚੁੱਕਣ ਤੋਂ ਬਾਦ ਦੇ ਲਿਖੇ ਹੋਏ ਹਨ, ਇਸ ਲਈ ਆਪਣੇ ਆਪ ਨੂੰ ਬਚਾਉਣ ਲਈ ਮਿੱਸਰ ਤੇਜ ਸਿੰਘ ਤੇ ਲਾਲ ਸਿੰਘ ਵਲੋਂ ਉਡਾਈਆਂ ਗਈਆਂ ਗੱਲਾਂ ਦੇ ਆਧਾਰ ਤੇ ਮਹਾਰਾਣੀ ਦਾ ਨਾਮ ਖਾਹ-ਮਖਾਹ ਵਿਚ ਲਿਆ ਜੋੜਿਆ ਹੈ।

3. ਸਰ ਹੈਨਰੀ ਹਾਰਡਿੰਗ, ਗਵਰਨਰ-ਜਨਰਲ।

Digitized by Panjab Digital Library | www.panjabdigilib.org

ਇਸ ਬਾਤ ਮੇਂ ਫ਼ਰਕ ਨਾ ਪੜੇਗਾ ਜੀ।
ਸ਼ਾਹ ਮੁਹੰਮਦਾ ਫੱਗਣੋਂ ਤੇਰੁਵੀਂ ਨੂੰ,
ਸਾਹਿਬ ਸ਼ਹਿਰ ਲਾਹੌਰ ਵਿਚ ਵੜੇਗਾ ਜੀ। ੪੯।

ਵੱਜੀ ਤੁਰਮ ਤੰਬੂਰ ਕਰਨਾਇ ਸ਼ੁਤਰੀ,
ਤੰਬੂ ਬੈਰਕਾਂ ਨਾਲ ਨਿਸ਼ਾਨ ਮੀਆਂ।
ਕੋਤਲ ਬੱਘੀਆਂ ਪਾਲਕੀ ਤਪਖ਼ਾਨੇ,
ਦੂਰਬੀਨ ਚੰਗੀ ਸਾਇਬਾਨ ਮੀਆਂ।
ਚੜ੍ਹਿਆ ਨੰਦਨੋਂ[1] ਲਾਟ ਉਠਾਇ ਬੀੜਾ,
ਡੇਰਾ ਪਾਂਵਦਾ ਵਿਚ ਮੈਦਾਨ ਮੀਆਂ।
ਸ਼ਾਹ ਮੁਹੰਮਦਾ ਗੋਰਿਆਂ ਛੇੜ ਛੇੜੀ,
ਮੁਲਖ ਪਾਰ ਦਾ ਮੱਲਿਆ ਆਨ ਮੀਆਂ[2]। ੫੦।

ਫ਼ਰਾਂਸੀਸਾਂ ਨੂੰ ਅੰਦਰੋਂ ਹੁਕਮ ਹੋਇਆ,
ਤੁਸੀਂ ਜਾਓ ਖ਼ਾਂ ਤਰਫ਼ ਕਸ਼ਮੀਰ ਨੂੰ ਜੀ।
ਉਨ੍ਹਾਂ ਰੱਬ ਦਾ ਵਾਸਤਾ ਪਾਇਆ ਈ,
ਮਾਈ ਫੜੀ ਨਾ ਕੁਝ ਤਕਸੀਰ ਨੂੰ ਜੀ।
ਪਾਰੋਂ ਮੁਲਕ ਫ਼ਰੰਗੀਆਂ ਮੱਲ ਲਿਆ,
ਅਸੀਂ ਮਾਰਾਂਗ ਓਸ ਬੇਪੀਰ ਨੂੰ ਜੀ।
ਸ਼ਾਹ ਮੁਹੰਮਦਾ ਆਇ ਨੀ ਹੋਰ ਪਰਿਓਂ,

---

1. ਹਾਰਡਿੰਗ ਨੰਦਨ (ਲੰਡਨ) ਤੋਂ ਚੜ੍ਹ ਕੇ ਨਹੀਂ ਸੀ ਆਇਆ, ਉਹ ਹਿੰਦੁਸਤਾਨ ਵਿਚ ਗਵਰਨਰ-ਜਨਰਲ ਸੀ।

2 ਇਸ ਤੋਂ ਸਪਸ਼ਟ ਹੈ ਕਿ ਸਿੱਖਾਂ ਤੇ ਅੰਗਰੇਜ਼ਾਂ ਦੀ ਇਸ ਲੜਾਈ ਦੀ ਛੇੜ ਪਹਿਲਾਂ ਅੰਗਰੇਜ਼ਾਂ ਛੇੜੀ ਜਦੋਂ ਸਤਲੁਜੋਂ ਦੱਖਣ ਨੂੰ ਸਰਕਾਰ ਲਾਹੌਰ ਦਾ ਦੇਸ ਉਨ੍ਹਾਂ ਮੱਲ ਲਿਆ।

Digitized by Panjab Digital Library | www.panjabdigilib.org

ਅਸਾਂ ਡੱਕਣਾਂ ਓਸ ਵਹੀਰ ਨੂੰ ਜੀ[1] । ੫੧ ।

ਮਾਈ ਆਖਿਆ ਸਭ ਚੜ੍ਹ ਜਾਣ ਫ਼ੌਜਾਂ,
ਬੂਹੇ ਸ਼ਹਿਰ ਦੇ ਰਹਿਣ ਨਾ ਸੱਖਣੇ ਜੀ ।
ਮੁਸਲਮਾਨੀਆਂ ਪੜਤਲਾਂ ਰਹਿਣ ਏਥੇ,
ਘੋੜਚੜ੍ਹੇ ਨਹੀਂ ਪਾਸ ਰੱਖਣੇ ਜੀ ।
ਕੈਠੇ ਕਲਗੀਆਂ ਵਾਲੜੇ ਹੋਣ ਮੋਹਰੇ,
ਅੱਗੇ ਹੋਰ ਗ਼ਰੀਬ ਨਾ ਧੱਕਣੇ ਜੀ ।
ਸ਼ਾਹ ਮੁਹੰਮਦਾ ਜਿਨ੍ਹਾਂ ਦੀ ਤਲਬ ਤੇਰਾਂ,
ਮਜ਼ੇ ਤਿਨ੍ਹਾਂ ਲੜਾਈ ਦੇ ਚੱਖਣੇ ਜੀ । ੫੨ ।

ਸਾਰੇ ਪੰਥ ਨੂੰ ਸੱਦ ਕੇ ਕਹਿਣ ਲੱਗੀ,
ਮੈਥੋਂ ਗਏ ਖ਼ਜ਼ਾਨੇ ਨਿਖੁੱਟ ਵਾਰੀ ।
ਜਮਨਾਂ ਤੀਕਰਾਂ ਪਿਆ ਹੈ ਦੇਸ ਸੁੰਞਾ,
ਖਾਓ ਦੇਸ ਫ਼ਰੰਗੀ ਦਾ ਲੁੱਟ ਵਾਰੀ ।
ਮਾਰੋ ਸ਼ਹਿਰ ਫ਼ੀਰੋਜ਼ ਪੁਰ ਲੁਦੇਹਾਣਾ,
ਸੁੱਟੋ ਛਾਵਣੀ ਓਸ ਦੀ ਪੁੱਟ ਵਾਰੀ ।
ਸ਼ਾਹ ਮੁਹੰਮਦਾ ਲਵੋ ਇਨਾਮ ਮੈਥੋਂ,
ਕੜੇ ਕੈਂਠੇ ਮੈਂ ਦੇਵਾਂਗੀ ਮੁੱਟ ਵਾਰੀ । ੫੩ ।

---

1. ਉਨ੍ਹਾਂ ਅੰਗਰੇਜ਼ੀ ਫ਼ੌਜਾਂ ਵਲ ਇਸ਼ਾਰਾ ਹੈ ਜੋ ਪੰਜਾਬ ਵਲ ਚੜ੍ਹੀਆਂ ਆ ਰਹੀਆਂ ਸਨ ਅਤੇ ਜਿਨ੍ਹਾਂ ਦੇ ਇੱਥੇ ਪੁੱਜਣ ਪਰ ਪੰਜਾਬ ਨੂੰ ਖ਼ਤਰਾ ਪੈਦਾ ਹ ਰਿਹਾ ਸੀ, ਅਤੇ ਜਿਸ ਵਧੀ ਚਲੀ ਆ ਰਹੀ ਅੰਗਰੇਜ਼ੀ ਵਹੀਰ ਨੂੰ ਪੰਜਾਬ ਵਿਚ ਵੜਨੋਂ ਰੋਕਣ ਲਈ ਖ਼ਾਲਸਾ ਫ਼ੌਜਾਂ ਨੂੰ ਮਜਬੂਰੀ ਮੈਦਾਨ ਵਿਚ ਉੱਤਰਨਾ ਪਿਆ । ਸਿਖ ਫੌਜਾਂ ਆਪਣੇ ਇਲਾਕੇ ਵਿਚ ਹੀ ਉਤਰੀਆਂ ਸਨ ਕਿ ਅੰਗਰੇਜ਼ਾਂ ਨੇ ਲੜਾਈ ਛੇੜ ਦਿੱਤੀ ।

Digitized by Panjab Digital Library | www.panjabdigilib.org

ਸਿੰਘਾਂ ਆਖਿਆ ਲੜਾਂਗੇ ਹੋ ਟੋਟੇ,
ਸਾਨੂੰ ਖ਼ਬਰ ਘੱਲੀਂ ਦਿਨੇ ਰਾਤ ਮਾਈ।
ਤੇਰੀ ਨੌਕਰੀ ਵਿਚ ਨਾ ਫ਼ਰਕ ਕਰਸਾਂ,
ਭਾਵੇਂ ਖੂਹ ਘੱਤੀਂ ਭਾਵੇਂ ਖਾਤ ਮਾਈ[1]।
ਸਿੰਘਾਂ ਭੋਲਿਆਂ ਮੂਲ ਨਾ ਸਹੀ ਕੀਤਾ,
ਕੁੱੜਾ ਕਟਨ ਲੱਗੀ ਸਾਡਾ ਘਾਤ ਮਾਈ।
ਸ਼ਾਹ ਮੁਹੰਮਦਾ ਅਜੇ ਨਾ ਜਾਣਿਓਂ ਨੇ,
ਖ਼ਾਲੀ ਪਈ ਏ ਚੋਪੜੀ ਪ੍ਰਾਤ ਮਾਈ। ੫੪।

ਦਿੱਤੀ ਮਾਈ ਨੇ ਜਦੋਂ ਦਿਲਬਰੀ ਭਾਰੀ,
ਸਿੰਘ ਬੈਠੇ ਨੀ ਹੋਇ ਸੁਚੇਤ ਮੀਆਂ।
ਸੱਚੇ ਸਾਹਿਬ ਦੇ ਹੱਥ ਨੀ ਸੱਭ ਗੱਲਾਂ,
ਕਿਸੇ ਹਾਰ ਦੇਵੇ ਕਿਸੇ ਜੇਤ ਮੀਆਂ।
ਇਕ ਲੱਖ ਬੇਟਾ ਸਵਾ ਲੱਖ ਪੋਤਾ,
ਰਾਵਣ ਮਾਰਿਆ ਘਰ ਦੇ ਭੇਤ ਮੀਆਂ।
ਸ਼ਾਹ ਮੁਹੰਮਦਾ ਜਾਣਦਾ ਜੱਗ ਸਾਰਾ,
ਕੇਈ ਸੂਰਮੇਂ ਔਣਗੇ ਖੇਤ ਮੀਆਂ। ੫੫।

ਸਿੰਘਾਂ ਸਾਰਿਆਂ ਬੈਠ ਗੁਰਮਤਾ ਕੀਤਾ,
ਚਲੋ ਜਾਇ ਫਰੰਗੀ ਨੂੰ ਮਾਰੀਏ ਜੀ।
ਇੱਕ ਵਾਰੀ ਜੇ ਸਾਹਮਣੇ ਹੋਇ ਸਾਡੇ,
ਇੱਕ ਘੜੀ ਵਿਚ ਪਾਰ ਉਤਾਰੀਏ ਜੀ।
ਭਾਈ ਵੀਰ ਸਿੰਘ ਜੇਹੇ ਅਸਾਂ ਨਹੀਂ ਛੱਡੇ,

---

1. ਐਸੀ ਕਿਸੀ ਮੀਟਿੰਗ ਤੇ ਤਕਰੀਰ ਦਾ ਕੋਈ ਰਿਕਾਰਡ ਨਹੀਂ ਮਿਲਦਾ ਜਿਸ ਵਿਚ ਮਹਾਰਾਣੀ ਨੇ ਇਸ ਤਰ੍ਹਾਂ ਅੰਗਰੇਜ਼ੀ ਅਲਾਕੇ ਉੱਤੇ ਹੱਲੇ ਲਈ ਖ਼ਾਲਸਾ ਫ਼ੌਜਾਂ ਨੂੰ ਉਕਸਾਇਆ ਹੋਵੇ।

Digitized by Panjab Digital Library | www.panjabdigilib.org

ਅਸੀਂ ਕਦੇ ਨਾ ਓਸ ਥੋਂ ਹਾਰੀਏ ਜੀ ।
ਸ਼ਾਹ ਮੁਹੰਮਦਾ ਮਾਰ ਕੇ ਲੁਦੇਹਾਣਾ,
ਫੌਜਾਂ ਦਿੱਲੀ ਦੇ ਵਿਚ ਉਤਾਰੀਏ ਜੀ[1] । ੫੬ ।

ਜ਼ਬਤ ਕਰਾਂਗੇ ਮਾਲ ਫਰੰਗੀਆਂ ਦੇ,
ਓਥੋਂ ਲਿਆਵਾਂਗੇ ਦੌਲਤਾਂ ਬੋਰੀਆਂ ਨੀ ।
ਪਿੱਛੋਂ ਵੜਾਂਗੇ ਉਨ੍ਹਾਂ ਦੇ ਸਤਰਖਾਨੇ,
ਬੰਨ੍ਹ ਲਿਆਵਾਂਗੇ ਉਨ੍ਹਾਂ ਦੀਆਂ ਗੋਰੀਆਂ ਨੀ ।
ਕਾਬਲ ਵਿਚ ਪਠਾਣ ਜਿਉਂ ਅਲੀ ਅਕਬਰ,
ਮਾਰ ਵੱਢ ਕੇ ਕੀਤੀਆਂ ਪੋਰੀਆਂ ਨੀ ।
ਸ਼ਾਹ ਮੁਹੰਮਦਾ ਲਵਾਂਗੇ ਫੇਰ ਕੰਠੇ,
ਤਿੱਲੇਦਾਰ ਜੋ ਰੇਸ਼ਮੀ ਡੋਰੀਆਂ ਨੀ । ੫੭ ।

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ,

---

1. ਮਾਲੂਮ ਹੁੰਦਾ ਹੈ ਸਿੰਘਾਂ ਦਾ ਇਰਾਦਾ ਇਹ ਸੀ ਕਿ ਪਹਿਲੇ ਲੁਧਿਆਣੇ ਉੱਤੇ ਹੱਲਾ ਕਰ ਕੇ ਕਬਜ਼ਾ ਕਰ ਲਿਆ ਜਾਏ ਤੇ ਫੇਰ ਕਾਫ਼ੀ ਫੌਜਾਂ ਦਿੱਲੀ ਵਲ ਨੂੰ ਚੜ੍ਹਾਈ ਕਰਨ । (ਹੋਰ ਵੇਖੋ ਨੰਬਰ ੬੩) ਇਸ ਤਰਾਂ ਇਕ ਤਾਂ ਵਧਦੀ ਆ ਰਹੀ ਅੰਗਰੇਜ਼ੀ ਵਹੀਰ ਨੂੰ ਰਾਹ ਵਿਚ ਰੋਕ ਦਿੱਤਾ ਜਾ ਸਕੇਗਾ, ਦੂਸਰੇ ਅੰਗਰੇਜ਼ੀ ਫ਼ੌਜ ਆਪਣੇ ਇਲਾਕਿਆਂ ਦੀ ਰਾਖੀ ਲਈ ਖਿੰਡ ਪੁੰਡ ਜਾਏਗੀ ਅਤੇ ਬਹੁਤ ਸਾਰੀ ਥਾਉਂ ਥਾਉਂ ਰੁਕ ਜਾਇਗੀ ਜਿਸ ਨਾਲ ਪੰਜਾਬ ਦੀ ਸਰਹੱਦ ਉੱਤੇ ਜ਼ੋਰ ਘੱਟ ਜਾਏਗਾ ਤੇ ਉਨ੍ਹਾਂ ਦਾ ਟਾਕਰਾ ਸੌਖੇ ਕੀਤਾ ਜਾ ਸਕੇਗਾ । ਇਕ ਫ਼ਾਇਦਾ ਇਹ ਭੀ ਸੀ ਕਿ ਲੜਾਈ ਲੰਮੇਰੀ ਹੋ ਜਾਣ ਨਾਲ ਪੰਜਾਬ ਵਿਚ ਤਿਆਰੀ ਹੋਰ ਭੀ ਹੋ ਸਕਣੀ ਸੀ । ਹੋ ਸਕਦਾ ਹੈ ਗ਼ੱਦਾਰਾਂ ਦਾ ਪਾਜ ਭੀ ਕਿਸੇ ਤਰਾਂ ਉੱਘੜ ਜਾਂਦਾ ਤੇ ਸਿੰਘ ਜ਼ਰਾ ਚੋਕਸੀ ਨਾਲ ਲੜਦੇ ਅਤੇ ਭੰਗ ਦੇ ਭਾੜੇ ਹੀ ਨਾ ਭੁੱਜ ਜਾਂਦੇ ।

Digitized by Panjab Digital Library | www.panjabdigilib.org

ਚੜ੍ਹੇ ਸੂਰਮੇਂ ਸਿੰਘ ਦਲੇਰ ਮੀਆਂ ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕ,
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ ।
ਚੜ੍ਹੇ ਸੱਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲੇ ਨਿਵਾਏ ਨੇ ਢੇਰ ਮੀਆਂ ।
ਸ਼ਾਹ ਮੁਹੰਮਦਾ ਚੜ੍ਹੇ ਜਮੂਰ ਖਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ । ੫੮ ।

ਸ਼ਾਮ ਸਿੰਘ ਸਰਦਾਰ ਨੇ ਕੂਚ ਕੀਤਾ[1],
ਜੱਲ੍ਹੇਵਾਲੀਏ ਬਣਤ ਬਣਾਂਵਦੇ ਨੀ ।
ਆਏ ਹੋਰ ਪਹਾੜ ਦੇ ਸਭ ਰਾਜੇ,
ਜੇੜ੍ਹੇ ਤੇਗ਼ ਦੇ ਧਨੀ ਕਹਾਂਵਦੇ ਨੀ ।
ਆਏ ਸਭ ਮਝੈਲ ਦੁਆਬੀਏ ਜੀ,
ਸੰਧਾਂਵਾਲੀਏ ਕਾਠੀਆਂ ਪਾਂਵਦੇ ਨੀ ।
ਸ਼ਾਹ ਮੁਹੰਮਦਾ ਚੜ੍ਹੀ ਅਕਾਲ ਰਜਮਣ,
ਖੰਡੇ ਸਾਰ ਦੇ ਸਿਕਲ ਕਰਾਂਵਦੇ ਨੀ । ੫੯ ।

---

1. ਇਸ ਵੇਲੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੇ ਫ਼ੌਜਾਂ ਦੇ ਨਾਲ ਹੀ ਕੂਚ ਨਹੀਂ ਸੀ ਕੀਤਾ । ੨੫ ਦਸੰਬਰ ੧੮੪੫ ਤਕ ਉਹ ਆਪਣੇ ਪਿੰਡ ਅਟਾਰੀ ਹੀ ਸਨ ਜਦ ਕਿ ਫੇਰੂ ਸ਼ਹਿਰ ਦੀ ਜੰਗ ਵਿਚ ਤੇਜ ਸਿੰਘ ਤੇ ਲਾਲ ਸਿੰਘ ਦੇ ਭੱਜ ਨਿਕਲਣ ਦੀਆਂ ਖ਼ਬਰਾਂ ਲਾਹੌਰ ਪੁੱਜਣ ਪਰ ਮਹਾਰਾਣੀ ਜਿੰਦ ਕੌਰ ਨੇ ਉਨ੍ਹਾਂ ਨੂੰ ਜੰਗ ਵਿਚ ਸ਼ਾਮਲ ਹੋਣ ਲਈ ਤਾਕੀਦੀ ਸੁਨੇਹਾ ਭੇਜਿਆ । ਰਣ-ਭੂਮੀ ਵਿਚ ਜਾਣ ਤੋਂ ਪਹਿਲਾਂ ਆਪ ਨੇ ਪ੍ਰਣ ਕਰ ਲਿਆ ਕਿ ਲੜਾਈ ਹਾਰੀ ਜਾਣ ਦੀ ਹਾਲਤ ਵਿਚ ਉਹ ਜੀਉਂਦਾ ਨਹੀਂ ਮੁੜੇਗਾ । ਸਰਦਾਰ ਸ਼ਾਮ ਸਿੰਘ ੨੮ ਦਸੰਬਰ ਨੂੰ ਲਸ਼ਕਰ ਵਿਚ ਸ਼ਾਮਲ ਹੋਇਆ । [ਵੇਰਵੇ ਲਈ ਵੇਖੋ ਗੰਡਾ ਸਿੰਘ, 'ਸਰਦਾਰ ਸ਼ਾਮ ਸਿੰਘ ਅਟਾਰੀਵਾਲਾ']

Digitized by Panjab Digital Library | www.panjabdigilib.org

ਮਜ਼ਹਰ ਅਲੀ ਤੇ ਮਾਖੇ ਖਾਂ ਕੂਚ ਕੀਤਾ,
ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆਂ ਨੀ।
ਬੇੜਾ ਚੜ੍ਹਿਆ ਸੁਲਤਾਨ ਮਹਮੂਦ ਵਾਲਾ,
ਤੋਪਾਂ ਨਾਲ ਅਮਾਮ ਸ਼ਾਹ ਵਾਲੀਆਂ ਨੀ।
ਇਲਾਹੀ ਬਖਸ਼ ਪਟੋਲੀ ਨੇ ਮਾਂਜ ਕੇ ਜੀ,
ਧੂਪ ਦੇਇ ਕੇ ਤਖ਼ਤ ਬਹਾਲੀਆਂ ਨੀ।
ਸ਼ਾਹ ਮੁਹੰਮਦਾ ਐਸੀਆਂ ਲੈਸ ਹੋਈਆਂ,
ਬਿਜਲੀ ਵਾਂਗ ਜਿਉਂ ਦੇਣ ਦਿਖਾਲੀਆਂ ਨੀ। ੬੦।

ਸੁਣ ਕੇ ਖ਼ਬਰ ਫ਼ਰੰਗੀ ਦੀ ਚੜ੍ਹੇ ਸੱਭੇ,
ਫੌਜਾਂ ਦੇਮੁਹਾਰੀਆਂ ਹੋਇ ਤੁਰੀਆਂ।
ਅੱਗੇ ਵਾਰ ਕੁਵਾਰ ਨਾ ਕਿਸੇ ਡਿਠਾ,
ਇਕ ਦੂਸਰ ਦੇ ਅੱਗੇ ਲੱਗ ਦੁਰੀਆਂ।
ਅੱਗੇ ਤੋਪਾਂ ਦੇ ਧਨੀ ਭੀ ਹੈਨ ਗੋਰੇ,
ਵੰਗਾਂ ਪਹਿਨ ਖਲੋਤੀਆਂ ਨਹੀਂ ਕੁੜੀਆਂ।
ਸ਼ਾਹ ਮੁਹੰਮਦਾ ਵਰਜਦੇ ਜਾਂਦਿਆਂ ਨੂੰ,
ਫ਼ੌਜਾਂ ਹੋ ਮੋਹਾਨੀਆਂ ਕਦੋਂ ਮੁੜੀਆਂ। ੬੧।

ਚੜ੍ਹੇ ਸ਼ਹਿਰ ਲਾਹੌਰ ਥੀਂ ਮਾਰ ਧਉਂਸੇ,
ਸਭੇ ਗਰਬ ਹੰਕਾਰ ਦੇ ਨਾਲ ਤੁਰਦੇ।
ਉਰੇ ਦੋਹਾਂ ਦਰੀਆਵਾਂ ਤੇ ਨਹੀਂ ਅਟਕੇ,
ਪੱਤਨ ਲਘੇ ਨੀ ਜਾ ਫ਼ਿਰੋਜ਼ਪੁਰ ਦੇ।
ਅੱਗੇ ਛੇੜਿਆ ਨਹੀਂ ਫ਼ਰੰਗੀਆਂ ਨੇ,
ਦੋਹਾਂ ਧਿਰਾਂ ਦੇ ਰੁਲਨਗੇ ਬਹੁਤ ਮੁਰਦੇ।
ਸ਼ਾਹ ਮੁਹੰਮਦਾ ਭੱਜਣਾ ਰਣੋਂ ਭਾਰੀ,
ਜੁਟੇ ਸੂਰਮੇ ਆਖ ਤੂੰ ਕਦੋਂ ਮੁੜਦੇ। ੬੨।

ਲੱਗੀ ਧਮਕ ਸਾਰੇ ਹਿੰਦੁਸਤਾਨ ਅੰਦਰ,

Digitized by Panjab Digital Library | www.panjabdigilib.org

ਦਿੱਲੀ ਆਗਰੇ ਹਾਂਸੀ ਹਸਾਰ ਮੀਆਂ ।
ਬੀਕਾਨੇਰ ਲਖਨਊ ਅਜਮੇਰ ਜੈਪੁਰ,
ਪਈਆਂ ਭਾਜੜਾ ਜਮਨਾ ਤੋਂ ਪਾਰ ਮੀਆਂ ।
ਚੱਲੀ ਸਭ ਪੰਜਾਬ ਦੀ ਬਾਦਸ਼ਾਹੀ,
ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ ।
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈਂ,
ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ । ੬੩ ।

ਅਰਜ਼ੀ ਲਿਖੀ ਫ਼ਰੰਗੀਆਂ ਖ਼ਾਲਸੇ ਨੂੰ,
ਤੁਸੀਂ ਕਾਸ ਨੂੰ ਜੰਗ ਮਚਾਂਵਦੇ ਹੋ ।
ਮਹਾਰਾਜ ਦੇ ਨਾਲ ਸੀ ਨੇਮ ਸਾਡਾ,
ਤੁਸੀਂ ਸੁੱਤੀਆਂ ਕਲਾਂ ਜਗਾਂਵਦੇ ਹੋ ।
ਕਈ ਲੱਖ ਰੁਪਈਆ ਲੈ ਜਾਓ ਸਾਥੋਂ,
ਦਿਆਂ ਹੋਰ ਜੋ ਤੁਸੀਂ ਫ਼ਰਮਾਂਵਦੇ ਹੋ ।
ਸ਼ਾਹ ਮੁਹੰਮਦਾ ਅਸਾਂ ਨਾ ਮੂਲ ਲੜਨਾ,
ਤੁਸੀਂ ਏਤਨਾ ਜ਼ੋਰ ਕਿਉਂ ਲਾਂਵਦੇ ਹੋ । ੬੪ ।

ਸਿੰਘਾਂ ਲਿਖਿਆ ਖ਼ਤ ਫ਼ਰੰਗੀਆਂ ਨੂੰ,
ਤੈਨੂੰ ਮਾਰਾਂਗੇ ਅਸੀਂ ਵੰਗਾਰਕੇ ਜੀ ।
ਸਾਨੂੰ ਨਹੀਂ ਰੁਪੱਈਆਂ ਦੀ ਲੋੜ ਕਾਈ,
ਭਾਵੇਂ ਦੇਹ ਤੂੰ ਢੇਰ ਉਸਾਰਕੇ ਜੀ ।
ਓਹੋ ਪੰਥ ਤੇਰੇ ਉੱਤੇ ਆਣ ਚੜ੍ਹਿਆ,
ਜੇਹੜਾ ਆਇਆ ਸੀ ਜੰਮੂ ਨੂੰ ਮਾਰਕੇ ਜੀ ।
ਸ਼ਾਹ ਮੁਹੰਮਦਾ ਸਾਹਮਣੇ ਡਾਹ ਤੋਪਾਂ,
ਸੂਰੇ ਕੱਢ ਮੈਦਾਨ ਨਿਤਾਰਕੇ ਜੀ । ੬੫ ।

ਪੇਂਚ ਲਿਖਦੇ ਸਾਰੀਆਂ ਪੜਤਲਾਂ ਦੇ,
ਸਾਡੀ ਅੱਜ ਹੈ ਵੱਡੀ ਚਲੰਤ ਮੀਆਂ ।

Digitized by Panjab Digital Library | www.panjabdigilib.org

ਵੀਰ ਸਿੰਘ ਨੂੰ ਮਾਰਿਆ ਡਾਹ ਤੋਪਾਂ,
ਨਹੀਂ ਛੱਡਿਆ ਸਾਧ ਤੇ ਸੰਤ ਮੀਆਂ ।
ਅਸਾਂ ਮਾਰੇ ਚੋਫੇਰੇ ਦੇ ਕਿਲੇ ਭਾਰੇ,
ਅਸਾਂ ਮਾਰਿਆ ਕੁਲੂ ਭੁਟੰਤ ਮੀਆਂ ।
ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ,
ਜੇਹੜੀ ਕਰੇਗਾ ਖ਼ਾਲਸਾ ਪੰਥ ਮੀਆਂ। ੬੬ ।

ਦੂਰਬੀਨ ਅੰਗਰੇਜ਼ ਨੇ ਹੱਥ ਲੈ ਕੇ,
ਕੀਤਾ ਫੌਜ ਦਾ ਸਭ ਸ਼ੁਮਾਰ ਮੀਆਂ ।
ਜਿਨ੍ਹੀਂ ਥਾਈਂ ਸੀ ਜਮਾ ਜਮੂਰਖਾਨੇ,
ਕੀਤੇ ਸਾਹਿਬ ਮਲੂਮ ਹਜ਼ਾਰ ਮੀਆਂ ।
ਦਾਰੂ ਵੰਡਿਆ ਸੂਰਿਆਂ ਜੰਗੀਆਂ ਨੂੰ,
ਦੋ ਦੋ ਬੋਤਲਾਂ ਕੈਫ਼ ਖ਼ੁਮਾਰ ਮੀਆਂ ।
ਸ਼ਾਹ ਮੁਹੰਮਦਾ ਪੀ ਸ਼ਰਾਬ ਗੋਰੇ,
ਹੋਏ ਜੰਗ ਨੂੰ ਤੁਰਤ ਤਿਆਰ ਮੀਆਂ । ੬੭ ।

ਇਕ ਪਿੰਡ ਦਾ ਨਾਮ ਜੋ ਮੁਦਕੀ ਸੀ,
ਓਥੇ ਭਰੀ ਸੀ ਪਾਣੀ ਦੀ ਖੱਡ ਮੀਆਂ ।
ਘੋੜ-ਚੜ੍ਹੇ ਅਕਾਲੀਏ ਨਵੇਂ ਸਾਰੇ,
ਝੰਡੇ ਦਿੱਤੇ ਨੀ ਜਾਇ ਕੇ ਗੱਡ ਮੀਆਂ ।
ਤੋਪਾਂ ਚੱਲੀਆਂ ਕਟਕ ਫ਼ਰੰਗੀਆਂ ਦੇ,
ਗੋਲੇ ਤੋੜਦੇ ਮਾਸ ਤੇ ਹੱਡ ਮੀਆ ।
ਸ਼ਾਹ ਮੁਹੰਮਦਾ ਪਿਛਾਂ ਨੂੰ ਉੱਠ ਨੱਠੇ,
ਤੋਪਾਂ ਸੱਭ ਆਇ ਓਥੇ ਛੱਡ ਮੀਆਂ । ੬੮ ।

ਡੇਰੇ ਆਣ ਕੇ ਏਠ ਸਲਾਹ ਕਰਦੇ,
ਐਤਵਾਰ ਅਸੀਂ ਖੰਡਾ ਫੜਾਂਗੇ ਜੀ ।

Digitized by Panjab Digital Library | www.panjabdigilib.org

ਤੇਜਾ ਸਿੰਘ ਦੀ ਵਡੀ ਉਡੀਕ ਸਾਨੂੰ,
ਉਸ ਦੇ ਆਏ ਬਗ਼ੈਰ ਨਾਂ ਲੜਾਂਗੇ ਜੀ।
ਸਰਫ਼ਾ ਜਾਨ ਦਾ ਨਹੀਂ ਜੇ ਤਦੋਂ ਕਰਨਾ,
ਜਦੋਂ ਵਿਚ ਮੈਦਾਨ ਦੇ ਵੜਾਂਗੇ ਜੀ।
ਸ਼ਾਹ ਮੁਹੰਮਦਾ ਅੰਦਰੋਂ ਇਕ ਹੋ ਕੇ,
ਡੇਰੇ ਚੱਲ ਫ਼ਰੰਗੀ ਦੇ ਵੜਾਂਗੇ ਜੀ। ੬੯।

ਤੇਜਾ ਸਿੰਘ ਭੀ ਲਸ਼ਕਰੀਂ ਆਣ ਵੜਿਆ,
ਹੁੱਦੇਦਾਰ ਸਭੇ ਓਥੇ ਆਂਵਦੇ ਨੀ।
ਕਰੋ ਹੁਕਮ ਤੇ ਤੇਗ਼ ਉਠਾਈਏ ਜੀ,
ਪਏ ਸਿੰਘ ਕਚੀਚੀਆਂ ਖਾਂਵਦੇ ਨੀ।
ਕੂੰਜਾਂ ਨਜ਼ਰ ਆਈਆਂ ਬਾਜ਼ਾਂ ਭੁੱਖਿਆਂ ਨੂੰ,
ਚੋਟਾਂ ਕੈਸੀਆਂ ਵੇਖ ਚਲਾਂਵਦੇ ਨੀ[1]।
ਸ਼ਾਹ ਮੁਹੰਮਦਾ ਓਸ ਥੀਂ ਹੁਕਮ ਲੈ ਕੇ,
ਹੱਲਾ ਕਰਨ ਦੀ ਡੌਲ ਬਣਾਂਵਦੇ ਨੀ। ੭੦।

ਫੇਰੂ ਸ਼ਹਿਰ ਦੇ ਹੇਠ ਜਾਂ ਖੇਤ ਰੁੱਧੇ,
ਤੋਪਾਂ ਚੱਲੀਆਂ ਨੀ ਵਾਂਗ ਤੋਰਿਆਂ ਦੇ।
ਸਿੰਘ ਸੂਰਮੇ ਆਣ ਮੈਦਾਨ ਲੱਥੇ,
ਗੰਜ ਲਾਹ ਸੁੱਟੇ ਓਨ੍ਹਾਂ ਗੋਰਿਆਂ ਦੇ।
ਟੁੰਡੇ ਲਾਟ ਨੇ ਅੰਤ ਨੂੰ ਖਾਇ ਗੁੱਸਾ,
ਫੇਰ ਦਿੱਤੇ ਨੀ ਲੱਖ ਢੰਡੋਰਿਆਂ ਦੇ।
ਸ਼ਾਹ ਮੁਹੰਮਦਾ ਰੰਡ ਬੈਠਾਇ ਲੰਦਨ,
ਸਿੰਘ ਜਾਣ ਨਾਹੀਂ ਨਾਲ ਜ਼ੋਰਿਆਂ ਦੇ। ੭੧।

ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ,

---

1 ਪਾਠ-ਭੇਦ—ਅੱਖੀਂ ਵੇਖਿਆਂ ਚੋਟ ਚਲਾਂਵਦੇ ਨੀ।

Digitized by Panjab Digital Library | www.panjabdigilib.org

ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ।
ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ,
ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ,
ਲੰਦਨ ਟਾਪੂਆਂ ਵਿੱਚ ਕੁਰਲਾਟ ਪਿਆ,
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।
ਸ਼ਾਹ ਮੁਹੰਮਦਾ ਤੁਸਾਂ ਪੰਜਾਬੀਓ ਜੀ,
ਕੀਰਤ ਸਿੰਘ ਸਿਪਾਹੀ ਦੀ ਰੱਖਣੀ ਜੀ[1]। ੭੨।

ਹੋਇਆ ਹੁਕਮ ਅੰਗਰੇਜ਼ ਦਾ ਤੁਰਤ ਜਲਦੀ,
ਤੋਪਾਂ ਮਾਰੀਆਂ ਨੀਰ ਦੇ ਆਇ ਪੱਲੇ।
ਫੂਕ ਸੁੱਟੀਆਂ ਸਾਰੀਆਂ ਮੇਖਜ਼ੀਨਾਂ,
ਸਿੰਘ ਉੱਠ ਕੇ ਪੱਤਰਾ ਹੋਇ ਚੱਲੇ[2]।
ਛੋਲਦਾਰੀਆਂ ਤੰਬੂਆਂ ਛੱਡ ਦੌੜੇ,
ਕੋਈ ਚੀਜ਼ ਲਈ ਨਹੀਂ ਮੂਲ ਪੱਲੇ।
ਓੜਕ ਲਿਆ ਮੈਦਾਨ ਫ਼ਰੰਗੀਆਂ ਨੇ,
ਸ਼ਾਹ ਮੁਹੰਮਦਾ ਰਣੋਂ ਨਹੀਂ ਮੂਲ ਹੱਲੇ। ੭੩।

---

1. ਪਾਠ-ਭੇਦ—ਸ਼ਾਹ ਮੁਹੰਮਦਾ ਲਾਟ ਹੁਣ ਕਹਿਣ ਲੱਗਾ, ਰੱਤ ਸਿੰਘ ਸਿਪਾਹੀ ਦੀ ਚੱਖਣੀ ਜੀ।

2. ੨੧ ਦਸੰਬਰ ਨੂੰ ਫ਼ੇਰੂ ਸ਼ਹਿਰ ਦੀ ਭਿਆਨਕ ਲੜਾਈ ਵਿਚ ਦੋਨੋ ਪਾਸੇ ਖਿੜਕ ਗਏ ਸਨ। ਸਿੰਘਾਂ ਨੂੰ ਤੇ ਮਿੱਸਰ ਤੇਜ ਸਿੰਘ ਤੇ ਲਾਲ ਸਿੰਘ ਦੀ ਲੁਕਵੀਂ ਗ਼ੱਦਾਰੀ ਮਾਰ ਰਹੀ ਸੀ ਜਿਸ ਦਾ ਪੂਰਾ ਸਬੂਤ ੨੨ ਦਸੰਬਰ ਦੀ ਸਵੇਰੇ ਇਨ੍ਹਾਂ ਨੇ ਲੜਾਈ ਵਿਚੋਂ ਭੱਜ ਕੇ ਦਿੱਤਾ।

ਦੂਸਰੇ ਪਾਸੇ ਫ਼ਰੰਗੀਆਂ ਦੀਆਂ ਪਲਟਣਾਂ ਭੀ ਹਿੱਲ ਗਈਆਂ ਸਨ ਜਿਸ ਦਾ ਜ਼ਿਕਰ ਅਗਲੇ ਤਿੰਨ ਨੰਬਰਾਂ ੭੪,੭੫,੭੬ 'ਚ ਆਉਂਦਾ ਹੈ। ਵੇਰਵੇ ਲਈ ਵੇਖੋ 'ਸਰਦਾਰ ਸ਼ਾਮ ਸਿੰਘ ਅਟਾਰੀਵਾਲਾ।'

Digitized by Panjab Digital Library | www.panjabdigilib.org

ਉਧਰ ਆਪ ਫ਼ਰੰਗੀ ਨੂੰ ਭਾਂਜ ਆਈ,
ਦੌੜੇ ਜਾਣ ਗੋਰੇ ਦਿੱਤੀ ਕੰਢ ਮੀਆਂ ।
ਚੱਲੇ ਤੋਪਖਾਨੇ ਸਾਰੇ ਗੋਰਿਆਂ ਦੇ,
ਮਗਰ ਹੋਈ ਬੰਦੂਕਾਂ ਦੀ ਫੰਡ ਮੀਆਂ ।
ਕਿਨੇ ਜਾਇ ਕੇ ਲਿਆਇ ਕੇ ਖ਼ਬਰ ਦਿੱਤੀ,
ਲੰਦਨ ਹੋਇ ਬੈਠੀ ਤੇਰੀ ਰੰਡ ਮੀਆਂ ।
ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ,
ਰੁਲਦੀ ਗੋਰਿਆਂ ਦੀ ਪਈ ਝੰਡ ਮੀਆਂ । ੭੪ ।

ਪਹਾੜਾ ਸਿੰਘ[1] ਸੀ ਯਾਰ ਫ਼ਰੰਗੀਆਂ ਦਾ,
ਸਿੰਘਾਂ ਨਾਲ ਸੀ ਓਸ ਦੀ ਗ਼ੈਰਸਾਲੀ ।
ਓਹ ਤਾਂ ਭੱਜ ਕੇ ਲਾਟ ਨੂੰ ਜਾਇ ਮਿਲਿਆ,
ਗੱਲ ਜਾਇ ਦੱਸੀ ਸਾਰੀ ਭੇਤ ਵਾਲੀ ।
ਓਥੋਂ ਹੋ ਗਿਆ ਹਰਨ ਹੈ ਖ਼ਾਲਸਾ ਜੀ,
ਚੋਦਾਂ ਹੱਥ ਦੀ ਮਾਰ ਕੇ ਜਾਣ ਛਾਲੀ ।
ਸ਼ਾਹ ਮੁਹੰਮਦਾ ਸਾਥ ਲੈ ਸਿਲ੍ਹੇਖਾਨੇ,
ਛੱਡ ਗਏ ਨੀ ਸਿੰਘ ਮੈਦਾਨ ਖ਼ਾਲੀ । ੭੭ ।

ਮੁੜ ਕੇ ਫੇਰ ਫ਼ਰੰਗੀਆਂ ਜ਼ੋਰ ਕੀਤਾ,
ਲਾਟਾਂਦਾਰ ਗੋਲੇ ਜਦੋਂ ਆਣ ਛੁੱਟੇ ।
ਉਡੀ ਰਾਲ ਤੇ ਚਾਦਰਾਂ ਕੜਕੀਆਂ ਨੀ,
ਕੈਰਵ ਪਾਂਡਵਾਂ ਦੇ ਜੈਸੇ ਬਾਣ ਛੁੱਟੇ ।

---

1. ਫ਼ਰੀਦਕੋਟ ਦਾ ਰਾਜਾ ਪਹਾੜਾ ਸਿੰਘ, ਜਿਸ ਨੂੰ ਇਸ ਜੰਗ ਵਿਚ ਅੰਗਰੇਜ਼ਾਂ ਨੂੰ ਰਸਦ ਆਦਿ ਪਹੁੰਚਾਉਣ ਬਦਲੇ 'ਰਾਜਾ' ਦਾ ਖ਼ਿਤਾਬ ਮਿਲਿਆ ਸੀ, ਵੇਖੋ 'ਤਜ਼ਕਿਰਾ ਸੱਯਦ ਰੱਜਬ ਅਲੀ', ਸਫ਼ਾ ੨੮ ।

Digitized by Panjab Digital Library | www.panjabdigilib.org

ਜਦੋਂ ਭਿੱਠੇ ਨੀ ਹੱਥ ਫ਼ਰੰਗੀਆਂ ਦੇ,
ਓਥੇ ਕਈਆਂ ਦੇ ਆਣ ਪਰਾਣ ਟੁੱਟੇ।
ਸ਼ਾਹ ਮੁਹੰਮਦਾ ਇਕ ਸੌ ਤੇਈ ਤੋਪਾਂ,
ਤੋਸ਼ੇਖਾਨੇ ਫ਼ਰੰਗੀਆਂ ਆਣ ਲੁੱਟੇ। ੧੬।

ਜਦੋਂ ਪਿਆ ਹਰਾਸ ਤੇ ਕਰਨ ਗੱਲਾਂ,
ਮੁੰਡੇ ਘੋੜ-ਚੜ੍ਹੇ ਨਵੇਂ ਛੋਕਰੇ ਜੀ।
ਅੱਧੀ ਰਾਤ ਨੂੰ ਉੱਠ ਕੇ ਖਿਸਕ ਤੁਰੀਏ,
ਕਿੱਥੋਂ ਪਏ ਗੋਰੇ ਸਾਨੂੰ ਓਪਰੇ ਜੀ।
ਵਾਹੀ ਕਰਦੇ ਤੇ ਰੋਟੀਆਂ ਦੁਬ ਖਾਂਦੇ,
ਅਸੀਂ ਜਿਨ੍ਹਾਂ ਦੇ ਪੁਤ ਹਾਂ ਪੋਤਰੇ ਜੀ।
ਸ਼ਾਹ ਮੁਹੰਮਦਾ ਖੂਹਾਂ ਤੇ ਮਿਲਖ ਵਾਲੇ,
ਅਸੀਂ ਦੱਬ ਕੇ ਲਾਵਾਂਗੇ ਜੋਤਰੇ ਜੀ। ੧੭।

ਜਿਹੜੇ ਜੀਂਵਦੇ ਰਹੇ ਸੋ ਪਏ ਸੋਚੀਂ,
ਹੋਏ ਭੁੱਖ ਦੇ ਨਾਲ ਜ਼ਹੀਰ ਮੀਆਂ।
ਬੁਰੇ ਜਿੰਨ ਹੋ ਕੇ ਸਾਨੂੰ ਪਏ ਗੋਰੇ,
ਅਸੀਂ ਜਾਣਦੇ ਸਾਂ ਕੋਈ ਕੀਰ ਮੀਆਂ।
ਅਸਾਂ ਸ਼ਹਿਦ ਦੇ ਵਾਸਤੇ ਹੱਥ ਪਾਇਆ,
ਅੱਗੋਂ ਡੂਮਨਾ ਛਿੜੇ ਮਖ਼ੀਰ ਮੀਆਂ।
ਸ਼ਾਹ ਮੁਹੰਮਦਾ ਰਾਹ ਨਾ ਕੋਈ ਲੱਭੇ,
ਜਿਥੇ ਚੱਲੀਏ ਘੱਤ ਵਹੀਰ ਮੀਆਂ। ੧੮।

ਘਰੋਂ ਗਏ ਫਰੰਗੀ ਦੇ ਮਾਰਨੇ ਨੂੰ,
ਬੇੜੇ ਤੋਪਾਂ ਤੇ ਸੱਭ ਖੁਹਾਇ ਆਏ।
ਛੇੜ ਆਫ਼ਤਾਂ ਨੂੰ ਮਗਰ ਲਾਇਓ ਨੇ,
ਸਗੋਂ ਅਪਣਾ ਆਪ ਗਵਾਇ ਆਏ।

Digitized by Panjab Digital Library | www.panjabdigilib.org

ਖੁਸ਼ੀਂ ਵੱਸਦਾ ਸ਼ਹਿਰ ਲਾਹੌਰ ਸਾਰਾ,
ਸਗੋਂ ਕੁੰਜੀਆਂ ਹੱਥ ਫੜਾਇ ਆਏ ।
ਸ਼ਾਹ ਮੁਹੰਮਦਾ ਕਹਿੰਦੇ ਨੀ ਲੋਗ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾਇ ਆਏ । ੭੯ ।
ਘਰੀਂ ਜਾਇ ਕੇ ਕਿਸੇ ਆਰਾਮ ਕੀਤਾ,
ਕਿਸੇ ਰਾਤ ਕਿਸੇ ਦੋਇ ਰਾਤ ਮੀਆਂ ।
ਪਿੱਛੋਂ ਫੇਰ ਸਰਦਾਰਾਂ ਨੇ ਸੱਦ ਭੇਜੇ,
ਜੋ ਕੋਈ ਸਿੰਘ ਸਿਪਾਹੀ ਦੀ ਜ਼ਾਤ ਮੀਆਂ ।
ਕਿੱਥੇ ਲੁਕੋਗੇ ਜਾਇ ਕੇ ਖਾਲਸਾ ਜੀ,
ਦੱਸੋ ਖੋਲ੍ਹ ਕੇ ਅਸਲ ਦੀ ਬਾਤ ਮੀਆਂ ।
ਸ਼ਾਹ ਮੁਹੰਮਦਾ ਫੇਰ ਇਕੱਠ ਹੋਇਆ,
ਲੱਗੀ ਚਾਨਣੀ ਹੋਰ ਕਨਾਤ ਮੀਆਂ । ੮੦ ।
ਕੰਢੇ ਪਾਰ ਦੇ ਜਮਾਂ ਜਾਂ ਹੋਏ ਡੇਰੇ,
ਇਹ ਤਾਂ ਨੌਕਰੀ ਘਰੀਂ ਨਾ ਮਿਲਣ ਜਾਣੇ ।
ਡੇਰੀਂ ਆਣ ਕੇ ਬਹੁਤ ਵਿਚਾਰ ਹੋਇਆ,
ਹੋਈਆਂ ਭਰਤੀਆਂ ਬੰਦ ਨਾ ਵਿਕਣ ਦਾਣੇ[1] ।
ਛਹੀ ਕੱਢ ਕੇ ਮੋਰਚੀਂ ਆਇ ਬਹਿੰਦੇ,
ਡੇਰੀਂ ਆਇ ਕੇ ਫੇਰ ਪ੍ਰਸਾਦਿ ਖਾਣੇ ।
ਸ਼ਾਹ ਮੁਹੰਮਦਾ ਸੱਭ ਮਲੂਮ ਕੀਤੀ,
ਕੀਕੂੰ ਹੋਈ ਸੀ ਦੱਸ ਖਾਂ ਲੁੱਦੇਹਾਣੇ । ੮੧ ।
ਸਰਦਾਰ ਰਣਜੋਧ ਸਿੰਘ[2] ਫ਼ੌਜ ਲੈ ਕੇ,

---

1. ਪਾਠ-ਭੇਦ—ਡੇਰੀ ਆਣ ਕੇ [illegible] ਹਿਆ ਬੰਨਨ ਭਰਤੀਆਂ ਤੇ ਉਥੇ ਵਿਕਨ ਦਾਣੇ ।
2. ਸਰਦਾਰ ਲਹਿਣਾ ਸਿੰਘ ਮਜੀਠੀਏ ਦਾ ਮਤ੍ਰੇਆ ਭਾਈ । ਹੋਰ ਦੇਖੋ ਨੰਬਰ ੩੧ ਦੇ ਹੇਠਲਾ ਫੁਟਨੋਟ ।

ਪੰਜਾਬੀ ਸਾਹਿਤ ਅਕਾਡਮੀ ... ਨੰ: 19539 ਪੰਜਾਬੀ ਭਵਨ, ਲੁਧਿਆਣਾ

Digitized by Panjab Digital Library | www.panjabdigilib.org

ਤਰਫ਼ ਲਾਡੂਏ ਵਾਲੇ ਦੀ ਚੱਲਿਆ ਈ।
ਓਥੇ ਸੱਭ ਕਬੀਲੇ ਸੀ ਕੈਦ ਹੋਏ,
ਕੋਈ ਲਾਟ[1] ਫਰੰਗੀ ਨੇ ਘੱਲਿਆ ਈ।
ਓਨ੍ਹਾਂ ਜਾਇ ਖੋਹੀਆਂ ਬਾਦਸ਼ਾਹੀਆਂ ਨੀ,
ਉਸ ਦਾ ਜ਼ੋਰ ਨਾ ਕਿਸੇ ਨੇ ਝੱਲਿਆ ਈ।
ਸ਼ਾਹ ਮੁਹੰਮਦਾ ਛਾਵਨੀ ਫੂਕ ਦਿੱਤੀ,
ਵਿੱਚੋਂ ਜੀਉ ਫ਼ਰੰਗੀ ਦਾ ਹੱਲਿਆ ਈ। ੮੨ ।

ਚਾਰ ਪੜਤਲਾਂ ਲੈ ਮੇਵਾ ਸਿੰਘ ਆਇਆ,
ਸਿੰਘ ਆਪਣੇ ਹੱਥ ਹਥਿਆਰ ਲੈਂਦੇ।
ਇਨ੍ਹਾਂ ਬਹੁਤ ਫ਼ਰੰਗੀ ਦੀ ਫੌਜ ਮਾਰੀ,
ਲੁੱਟਾਂ ਭਾਰੀਆਂ ਬਾਝ ਸ਼ੁਮਾਰ ਲੈਂਦੇ।
ਤੋਪਾਂ ਊਠ ਹਾਥੀ ਮਾਲ ਲੱਖ ਘੋੜੇ,
ਡੇਰੇ ਆਪਣੇ ਸਿੰਘ ਉਤਾਰ ਲੈਂਦੇ।
ਸ਼ਾਹ ਮੁਹੰਮਦਾ ਸਿੰਘ ਜੇ ਜ਼ੋਰ ਕਰਦੇ,
ਭਾਵੇਂ ਲੁੱਦੇਹਾਣਾ ਤਦੋਂ ਮਾਰ ਲੈਂਦੇ। ੮੩ ।

ਮੋਹਕਮ ਦੀਨ[2] ਸਰਦਾਰ ਨੂੰ ਲਿਖੀ ਅਰਜ਼ੀ,
ਤੁਸਾਂ ਤਰਫ਼ ਲੁਟੇ ਚੰਗੇ ਸ਼ਾਨ ਦੇ ਜੀ।
ਦੇਹੋ ਭੇਜ ਉਰਾਰ ਸੱਭ ਕਾਰਖਾਨੇ,
ਪਇਓ ਗੱਜਿਓ ਵਿਚ ਮੈਦਾਨ ਦੇ ਜੀ।
ਤੈਨੂੰ ਅੱਜ ਹਜ਼ੂਰ ਥੀਂ ਫ਼ਤੇ ਆਈ,

---

1. ਸਰ ਹੈਂਰੀ ਸਮਿਥ, ਜਿਸ ਨੂੰ ਸਰਦਾਰ ਰਣਜੋਧ ਸਿੰਘ ਨੇ ਪੈਰੋਂ ਕੱਢ ਦਿੱਤਾ ਸੀ ਤੇ ਉਸ ਦੇ ਨਾਲ ਦਾ ਸਾਰਾ ਸਾਮਾਨ ਸਰਦਾਰ ਦੇ ਹੱਥ ਆ ਗਿਆ ਸੀ।

2. ਪਾਠ-ਭੇਦ—ਮੌਜਦੀਨ।

Digitized by Panjab Digital Library | www.panjabdigilib.org

ਖਬਰਾਂ ਉੱਡੀਆਂ ਵਿਚ ਜਹਾਨ ਦੇ ਜੀ।
ਸ਼ਾਹ ਮੁਹੰਮਦਾ ਵੈਰੀ ਨੂੰ ਜਾਣ ਹਾਜ਼ਰ,
ਸਦਾ ਰੱਖੀਏ ਵਿਚ ਧਿਆਨ ਦੇ ਜੀ। ੮੪।

ਸੱਠਾਂ ਕੋਹਾਂ ਦਾ ਪੰਧ ਸੀ ਲੁੱਦੇਹਾਣਾ,
ਰਾਤੋ ਰਾਤ ਕੀਤੀ ਟੁੰਡੇ ਦੋੜ ਮੀਆਂ।
ਓਹ ਭੀ ਲੁੱਟਿਆ ਲਾਟ ਨੇ ਆਣ ਡੇਰਾ,
ਤੋਪਾਂ ਸੱਭ ਖੋਹੀਆਂ ਕੀਤੀ ਚੋੜ ਮੀਆਂ।
ਝੱਲੀ ਅਬੂਤਬੇਲੇ ਦੀਆਂ ਪੜਤਲਾਂ ਨੇ,
ਅੱਧ ਘੜੀ ਲੜਾਈ ਦੀ ਸੌੜ ਮੀਆਂ।
ਸ਼ਾਹ ਮੁਹੰਮਦਾ ਸਿੰਘ ਲੁਟਾਇ ਡੇਰੇ,
ਕਰ ਆਏ ਨੀ ਤ੍ਰੁੱਟੀਆਂ ਚੋੜ ਮੀਆਂ। ੮੫।

ਪਹਿਲੇ ਹੱਲਿਓਂ ਸਿੰਘ ਜੋ ਨਿਕਲ ਸਾਰੇ,
ਪਏ ਔਝੜੇ ਔਝੜੇ ਜਾਂਵਦੇ ਨੀ।
ਲੁੱਟੇ ਗਏ ਸਾਰੇ ਰਹੀ ਇਕ ਕੁੜਤੀ,
ਬਾਹਾਂ ਹਿੱਕ ਦੇ ਨਾਲ ਲਗਾਂਵਦੇ ਨੀ।
ਅੱਗੋਂ ਲੋਕ ਲੜਾਈ ਦੀ ਗੱਲ ਪੁੱਛਣ,
ਜੀਭ ਹੋਠਾਂ ਥੀਂ ਖੋਲ੍ਹ ਦਿਖਾਂਵਦੇ ਨੀ।
ਸ਼ਾਹ ਮੁਹੰਮਦਾ ਆਣ ਕੇ ਘਰਦਿਆਂ ਥੋਂ,
ਨਵੇਂ ਕੱਪੜੇ ਹੋਰ ਸਿਵਾਂਵਦੇ ਨੀ। ੮੬।

ਕਹਿੰਦੇ ਜੀਊਂਦੇ ਫੇਰ ਨਾ ਕਦੀ ਜਾਣਾ,
ਮੂੰਹ ਨਾ ਲੱਗਣਾ ਉਸ ਚੰਡਾਲ ਦੇ ਜੀ।
ਕਿਤੇ ਜਾਇ ਕੇ ਚਾਰ ਦਿਨ ਕੱਟ ਆਈਏ,
ਢੂੰਡਨ ਆਉਣਗੇ ਸਾਡੜੇ ਨਾਲ ਦੇ ਜੀ।
ਤੁਸਾਂ ਆਖਿਆ ਮਰ ਗਿਆ ਲੁੱਦੇਹਾਣੇ,

Digitized by Panjab Digital Library | www.panjabdigilib.org

ਅਸੀਂ ਫਿਰਦੇ ਹਾਂ ਢੂੰਡਦੇ ਭਾਲਦੇ ਜੀ।
ਸ਼ਾਹ ਮੁਹੰਮਦਾ ਰਹੇ ਹਥਿਆਰ ਓਥੇ,
ਲੀੜ ਨਹੀਂ ਆਏ ਸਾਡੇ ਨਾਲਦੇ ਜੀ। ੮੭।

ਪਿੱਛੇ ਬੈਠ ਸਰਦਾਰਾਂ ਗੁਰਮਤਾ ਕੀਤਾ,
ਕੋਈ ਅਕਲ ਦਾ ਕਰੋ ਇਲਾਜ ਯਾਰੋ।
ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ,
ਪੱਗ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ।
ਮੁੱਠ ਮੀਟੀ ਸੀ ਇਸ ਪੰਜਾਬ ਦੀ ਜੀ,
ਇਨ੍ਹਾਂ ਖੋਲ੍ਹ ਦਿੱਤਾ ਅੱਜ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ,
ਕਦੀ ਰਾਜ ਨਾ ਹੋਇ ਮੁਹਤਾਜ ਯਾਰੋ। ੮੮।

ਤੀਜੀ ਵਾਰ ਲਲਕਾਰ ਕੇ ਪਏ ਗੋਰੇ,
ਵੇਲੇ ਗਜ਼ਲ ਦੇ ਹੋਏ ਤੰਬੂਰ ਮੀਆਂ।
ਕੱਸ ਲਈਆਂ ਨੀ ਸਿੰਘਾਂ ਨੇ ਤੁਰਤ ਕਮਰਾਂ,
ਕਾਇਮ ਜੰਗ ਨੂੰ ਹੋਏ ਜ਼ਰੂਰ ਮੀਆਂ।
ਪਹਿਲਾਂ ਬਾਂਵਿਓਂ ਆਣ ਕੇ ਜ਼ੋਰ ਦਿੱਤਾ,
ਪਿਆ ਦਲਾਂ ਦੇ ਵਿਚ ਫ਼ਤੂਰ ਮੀਆਂ।
ਸ਼ਾਹ ਮੁਹੰਮਦਾ ਨੱਸ ਕੇ ਜਾਣ ਕਿੱਥੇ,
ਏਥੋਂ ਸ਼ਹਿਰ ਲਾਹੌਰ ਹੈ ਦੂਰ ਮੀਆਂ। ੮੯।

ਆਈਆਂ ਪੜਤਲਾਂ ਬੀੜ ਕੇ ਤੋਪਖਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀਵਾਲੇ,
ਬੰਨ੍ਹ ਸ਼ਸਤ੍ਰੀਂ ਜੋੜ ਵਿਛੋੜ ਸੁੱਟੇ।

Digitized by Panjab Digital Library / www.panjabdigilib.org

ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ । ੯੦ ।

ਪਏ ਬਾਂਵਿਓਂ ਹੋਇ ਕੇ ਫੇਰ ਧਾਵਾ,
ਫਰਾਂਸੀਸ ਤੇ ਜਿੱਥੇ ਸੀ ਚਾਰਯਾਰੀ ।
ਕੁੰਡਲ ਘੱਤਿਆ ਵਾਂਗ ਕਮਾਨ ਗੋਸ਼ੇ,
ਬਣੀ ਆਣ ਸਰਦਾਰਾਂ ਨੂੰ ਬਹੁਤ ਖੁਆਰੀ ।
ਤੇਜਾ ਸਿੰਘ ਸਰਦਾਰ ਪੁਲ ਵੱਢ ਦਿੱਤਾ,
ਘਰੀਂ ਨੱਸ ਨਾ ਜਾਇ ਏਹ ਫੌਜ ਸਾਰੀ ।
ਸ਼ਾਹ ਮੁਹੰਮਦਾ ਮਰਨ ਸ਼ਹੀਦ ਹੋ ਕੇ,
ਅਤੇ ਜਾਨ ਨਾ ਕਰਨਗੇ ਫੇਰ ਪਿਆਰੀ । ੯੧ ।

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਦਸ਼ਾਹੀ ਫ਼ੌਜਾਂ ਭਾਰੀਆਂ ਨੀ ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ ।
ਸਣੇ ਆਦਮੀ ਗੋਲੀਆਂ ਨਾਲ ਉੱਡਨ,
ਹਾਥੀ ਡਿਗਦੇ ਸਣੇ ਅੰਬਾਰੀਆਂ ਨੀ ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ । ੯੨ ।

ਕਈ ਸੂਰਮੇ ਮਾਰ ਕੇ ਮੋਏ ਓਥੇ,
ਜਿਨ੍ਹਾਂ ਹੱਥ ਕੀਤੇ ਤੇਗਾਂ ਨੰਗੀਆਂ ਦੇ ।
ਰਹਿੰਦੇ ਘੇਰ ਕੇ ਵਿਚ ਦਰਿਆਉ ਡੋਬੇ,
ਸ਼ੱਰੇ ਮਾਰਿਓ ਨੇ ਤੋਪਾਂ ਚੰਗੀਆਂ ਦੇ ।
ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ,
ਆਖੇ ਲਗ ਕੇ ਸਾਥੀਆਂ ਸੰਗੀਆਂ ਦੇ ।
ਸ਼ਾਹ ਮੁਹੰਮਦਾ ਫੇਰ ਨਾ ਟੱਬ ਲਿਆਵੇ,

Digitized by Panjab Digital Library / www.panjabdigilib.org

ਵਿਚ ਜੰਗ ਦੇ ਨਾਲ ਫ਼ਰੰਗੀਆਂ ਦੇ । ੯੩ ।

ਕਈ ਮਾਂਵਾਂ ਦੇ ਪੁਤ ਨੀ ਮੋਏ ਓਥੇ,
ਸੀਨੇ ਲੱਗੀਆਂ ਤੇਜ ਕਟਾਰੀਆਂ ਨੀ ।
ਜਿਨ੍ਹਾਂ ਭੈਣਾਂ ਨੂੰ ਵੀਰ ਨਾਂ ਮਿਲੇ ਮਰ ਕੇ,
ਪਈਆਂ ਰੋਂਦੀਆਂ ਫਿਰਨ ਬਿਚਾਰੀਆਂ ਨੀ ।
ਰੰਗੇ ਜਿਨ੍ਹਾਂ ਦੇ ਸਿਰਾਂ ਦੇ ਮੋਏ ਵਾਲੀ,
ਖੁਲ੍ਹੇ ਵਾਲ ਤੇ ਫਿਰਨ ਵਿਚਾਰੀਆਂ ਨੀ ।
ਸ਼ਾਹ ਮੁਹੰਮਦਾ ਬਹੁਤ ਸਰਦਾਰ ਮੋਏ,
ਪਈਆਂ ਰਾਜ ਦੇ ਵਿਚ ਖੁਆਰੀਆਂ ਨੀ । ੯੪ ।

ਲਿਖਿਆ ਤੁਰਤ ਪੈਗ਼ਾਮ ਰਾਣੀ ਜ਼ਿੰਦ ਕੌਰਾਂ,
ਕੋਈ ਤੁਸਾਂ ਨੇ ਦੇਰ ਨਹੀਂ ਲਾਵਣੀ ਜੀ ।
ਰਹਿੰਦੀ ਫੌਜ ਦਾ ਕਰੋ ਇਲਾਜ ਕੋਈ,
ਕਾਬੂ ਤੁਸਾਂ ਬਗ਼ੈਰ ਨਾ ਆਵਣੀ ਜੀ ।
ਮੇਰੀ ਜਾਨ ਦੇ ਰੱਬ ਜਾਂ ਤੁਸਾਂ ਰਾਖੇ,
ਪਾਓ ਵਿਚ ਲਾਹੌਰ ਦੇ ਛਾਵਣੀ ਜੀ ।
ਸ਼ਾਹ ਮੁਹੰਮਦਾ ਅੱਜ ਮੈਂ ਲਿਆ ਬਦਲਾ,
ਅੱਗੇ ਹੋਰ ਕੀ ਰੱਬ ਨੂੰ ਭਾਵਨੀ ਜੀ[1] । ੯੫ ।

ਪੁਲ ਬੱਧਾ ਫ਼ਰੰਗੀ ਨੇ ਖ਼ਬਰ ਸੁਣ ਕੇ,
ਲਾਂਘੇ ਪਾਏ ਨੀ ਵਿਚ ਪਲਕਾਰਿਆਂ ਦੇ ।
ਆਏ ਸ਼ਹਿਰ ਲਾਹੌਰ ਨੂੰ ਖੁਸ਼ੀ ਕਰਦੇ,

---

1 ਸਰਕਾਰ ਹਿੰਦ ਯਾ ਸਰਕਾਰ ਪੰਜਾਬ ਦੇ ਰੀਕਾਰਡ ਵਿਚ ਮਹਾਰਾਣੀ ਜਿੰਦ ਕੌਰ ਦੀ ਐਸੀ ਕੋਈ ਚਿੱਠੀ ਨਹੀਂ ਹੈ । ਇਹ ਸਭ ਕੁਝ ਆਪਣੇ ਪਾਪ ਢੱਕਣ ਲਈ ਮਿੱਸਰ ਤੇਜ ਸਿੰਘ ਤੇ ਲਾਲ ਸਿੰਘ ਰਾਹੀਂ ਉਡਾਈਆਂ ਗਈਆਂ ਹਵਾਈਆਂ ਦੇ ਅਧਾਰ ਤੇ ਲਿਖਿਆ ਗਿਆ ਪ੍ਰਤੀਤ ਹੁੰਦਾ ਹੈ ਜਿਸ ਨੂੰ ਕਿ ਕਵੀ ਸ਼ਾਹ ਮੁਹੰਮਦ ਨੇ ਅਣਭੋਲ ਹੀ ਸੱਚ ਸਮਝ ਲਿਆ ਹੈ ।

Digitized by Panjab Digital Library / www.panjabdigilib.org

ਵਾਜੇ ਵਜਦੇ ਨਾਲ ਨਗਾਰਿਆਂ ਦੇ ।
ਅੱਗੋਂ ਸਭ ਪਠਾਣ ਲੈ ਮਿਲੇ ਨਜ਼ਰਾਂ,
ਪਿਛੋਂ ਪੈਂਚ ਆਏ ਮੁਲਖਾਂ ਸਾਰਿਆਂ ਦੇ ।
ਸ਼ਾਹ ਮੁਹੰਮਦਾ ਆਣ ਲੁਹਾਣ ਲੱਥੇ,
ਹੱਛੇ ਦੇਸ ਤੇ ਥਾਉਂ ਟਿਕਾਣਿਆਂ ਦੇ[1] । ੯੬ ।

---

1. ਸਭਰਾਵਾਂ ਤੋਂ ਲਾਹੌਰ ਤਕ ਦੇ ਰਸਤੇ ਦੇ ਚੰਗੇ ਚੰਗੇ ਪਿੰਡ ਅਸਥਾਨ ਅਤੇ ਓਥੇ ਦੇ ਵਸਨੀਕ ਅੰਗਰੇਜ਼ਾਂ ਦਿਆਂ ਫੌਜੀਆਂ ਨੇ ਲੁਟ ਪੁਟ ਕੇ ਤਬਾਹ ਤੇ ਬਰਬਾਦ ਕਰ ਦਿੱਤੇ । ਦੇਖੋ ਰੌਬਰਟ ਨੀਡਹਮ ਕਸਟ ਦੀ ਪੁਸਤਕ 'ਲਿੰਗੁਇਸਟਿਕ ਐਂਡ ਓਰੀਐਂਟਲ ਐੱਸੇਜ਼', ਜਿਲਦ ਪੰਜਵੀਂ, ਸਫ਼ਾ ੧੦੬੮ ਉੱਤੇ ਸੋਮਵਾਰ ੧੬ (ਮਾਰਚ ੧੮੪੬) ਦੇ ਹੇਠਾਂ, ਜਿੱਥੇ ਲਿਖਿਆ ਹੋਇਆ ਹੈ:—
Monady, 16th.

Rode to the rear to inspect the state of four villages, who claimed compensation, and were, indeed, objects of compassion. on the road between Lahore and our last stage all our camp followers seemed to have systematically plundered, from one of these villages everything was gone, roofs, doors, the grain stored for winter consumption, the seed to ensure the next harvest. Such are the miseries of war. Most of the inhabitants of this unfortunate village had fled precipitately and a few old men were present to point out the piece which had once been their home. Such crops as the villages had possessed had been ruthlessly cut away, and even the woodwork of the wells had been removed.

Digitized by Panjab Digital Library | www.panjabdigilib.org

ਰਾਜਾ ਗਿਆ ਗੁਲਾਬ ਸਿੰਘ ਆਪ ਚੜ੍ਹ ਕੇ,
ਬਾਹੋਂ ਪਕੜ ਲਾਹੌਰ ਲਿਆਂਵਦਾ ਈ।
ਸਾਹਿਬ ਲੋਕ ਜੀ ਅਸਾਂ ਪਰ ਦਇਆ ਕਰਨੀ,
ਓਹ ਤਾਂ ਆਪਣਾ ਕੰਮ ਬਣਾਂਵਦਾ ਈ।
ਦਿੱਤੇ ਕੱਢ ਮਲਵਈ ਦੁਆਬੀਏ ਜੀ,
ਵਿੱਚੋਂ ਸਿੰਘਾਂ ਦੀ ਫੌਜ ਖਿਸਕਾਂਵਦਾ ਈ।
ਸ਼ਾਹ ਮੁਹੰਮਦਾ ਤਰਫ਼ ਪਹਾੜ ਲੈ ਕੇ[1],
ਤੁਰਤ ਜੰਮੂ ਨੂੰ ਕੂਚ ਕਰਾਂਵਦਾ ਈ। ੯੭।

ਬਣੇ ਮਾਈ ਦੇ ਆਣ ਅੰਗਰੇਜ਼ ਰਾਖੇ,
ਪਾਈ ਛਾਉਣੀ ਵਿਚ ਲਾਹੌਰ ਦੇ ਜੀ।
ਰਹੀ ਮਾਲਵਾ ਪਾਰ ਦਾ ਮੁਲਖ ਸਾਰਾ,
ਠਾਣਾ ਘੱਤਿਆ ਵਿਚ ਫ਼ਲੌਰ ਦੇ ਜੀ।
ਲਿਆ ਸ਼ਹਿਰ ਲਾਹੌਰ ਫ਼ੀਰੋਜ਼ ਪੁਰਾ,
ਜੇੜ੍ਹੇ ਟਕੇ ਆਵਣ ਨੰਦਾ ਚੌਰ[2] ਦੇ ਜੀ।
ਸ਼ਾਹ ਮੁਹੰਮਦਾ ਕਾਂਗੜਾ ਮੱਲ ਲੀਤਾ,
ਓਹਦੇ ਕੰਮ ਗਏ ਸਭ ਸੌਰਦੇ ਜੀ। ੯੮।

ਰਹਿੰਦਾ ਮੁਲਕ ਫਰੰਗੀ ਦੇ ਪਿਆ ਪੇਟੇ,
ਕੀਤਾ ਹੁਕਮ ਫ਼ਰੰਗੀਆਂ ਸਾਰਿਆਂ ਨੇ।
ਸਾਰੀ ਫੌਜ ਨੂੰ ਚਾਇ ਜਵਾਬ ਦਿੱਤਾ,

---

1. ਸਰਕਾਰ ਪੰਜਾਬ ਦਾ ਜੰਮੂ ਅਤੇ ਕਸ਼ਮੀਰ ਦਾ ਇਲਾਕਾ ਅੰਗਰੇਜ਼ਾਂ ਪਾਸੋਂ ਲੈ ਕੇ ਗੁਲਾਬ ਸਿੰਘ ਨੇ ਇੱਥੇ ਆਪਣਾ ਡੋਗਰਾ ਰਾਜ ਬਣਾ ਲਿਆ।

2. ਜ਼ਿਲਾ ਹੋਸ਼ਿਆਰਪੁਰ ਵਿਚ ਬਾਮ ਚੌਰਾਸੀ ਦੇ ਨਜ਼ਦੀਕ ਇਕ ਪੁਰਾਣਾ ਇਤਿਹਾਸਕ ਪਿੰਡ ਹੈ ਜੇਹੜਾ ਸਿਖ-ਰਾਜ ਵੇਲੇ ਕਾਫ਼ੀ ਪ੍ਰਸਿੱਧ ਸੀ।

Digitized by Panjab Digital Library | www.panjabdigilib.org

ਦਿੱਤੀ ਨੌਕਰੀ ਛੱਡ ਵਿਚਾਰਿਆਂ ਨੇ ।
ਪਿੱਛੋਂ ਸਾਂਭ ਲੀਤਾ ਮੁਲਕ ਕਾਰਦਾਰਾਂ,
ਬਖ਼ਤਾਵਰਾਂ ਤੇ ਨੇਕ ਸਤਾਰਿਆਂ ਨੇ ।
ਸ਼ਾਹ ਮੁਹੰਮਦਾ ਲੋਕ ਵਿਰਾਨ ਹੋਏ,
ਤੋੜ ਸੁੱਟਿਆ ਮੁਲਕ ਇਜਾਰਿਆਂ[1] ਨੇ । ੯੯ ।

ਕੀਤਾ ਅਕਲ ਦਾ ਪੇਚ ਰਾਣੀ ਜਿੰਦ ਕੌਰਾਂ,
ਮੱਥਾ ਦੋਹਾਂ ਪਾਤਸ਼ਾਹੀਆਂ ਦਾ ਜੋੜਿਆ ਈ ।
ਗੁੱਝੀ ਰਮਜ਼ ਕਰ ਕੇ ਰਹੀ ਆਪ ਸੱਚੀ,
ਬਦਲਾ ਤੁਰਤ ਭਿਰਾਉ ਦਾ ਮੋੜਿਆ ਈ ।
ਲਏ ਤੁਰਤ ਮੁਸਾਹਿਬ ਲਪੇਟ ਰਾਣੀ,
ਲਸ਼ਕਰ ਵਿਚ ਦਰਿਆਉ ਦੇ ਰੋੜ੍ਹਿਆ ਈ ।
ਸ਼ਾਹ ਮੁਹੰਮਦਾ ਕਰੇ ਜਹਾਨ ਗੱਲਾਂ,
ਉਸ ਕੁਫ਼ਰ ਮੁਦੱਈ ਦਾ ਤੋੜਿਆ ਈ । ੧੦੦ ।

ਪਿੱਛੋਂ ਬੈਠ ਕੇ ਸਿੰਘਾਂ ਨੂੰ ਅਕਲ ਆਈ,
ਕਹੀ ਚੜ੍ਹੀ ਹੈ ਜ਼ਹਿਰ ਦੀ ਸਾਣ ਮਾਈ ।
ਕਿਨ੍ਹਾਂ ਖੁੰਦਰਾਂ ਵਿਚ ਫਸਾਇ ਕੇ ਜੀ,
ਸਾਡੇ ਲਾਹ ਸੁੱਟੇ ਤੂੰ ਤਾਂ ਘਾਣ ਮਾਈ ।
ਹੱਥ ਧੋਇ ਕੇ ਮਗਰ ਕਿਉਂ ਪਈ ਸਾਡੇ,

---

1. ਇਜਾਰੇਦਾਰ, ਠੇਕੇਦਾਰ, ਜਿਨ੍ਹਾਂ ਇਕ ਖਾਸ ਰਕਮ ਸਰਕਾਰੇ ਭਰਨੀ ਕਰ ਕੇ ਇਲਾਕੇ ਲਏ ਹੋਏ ਹੁੰਦੇ ਸਨ ।

ਪਾਠ-ਭੇਦ—ਸ਼ਾਹ ਮੁਹੰਮਦਾ ਲੋਕ ਵਿਰਾਨ ਹੋਏ, ਤੋੜ ਸੱਟਿਆ ਮੁਲਕ 'ਉਜਾੜਿਆਂ' ਨੇ । ਇੱਥੇ 'ਉਜਾੜਿਆਂ' ਤੋਂ ਮਤਲਬ ਉਸ ਤਬਾਹੀ ਤੇ ਬਰਬਾਦੀ ਤੋਂ ਜਾਪਦਾ ਹੈ ਜੋ ਅੰਗਰੇਜ਼ਾਂ ਦੀਆਂ ਫੌਜਾਂ ਨੇ ਦੇਸ ਵਿਚ ਆ ਕੇ ਕੀਤੀ ਸੀ ਤੇ ਜਿਸ ਦਾ ਜ਼ਿਕਰ ਸ਼ਾਹ ਮੁਹੰਮਦ ਨੇ ਪਿੱਛੇ ਨੰਬਰ ੯੬ ਵਿਚ ਕੀਤਾ ਹੈ । ਹਰ ਦੇਖੋ ਇਸੇ ਦਾ ਫੁਟ-ਨੋਟ ।

Digitized by Panjab Digital Library | www.panjabdigilib.org

ਘਰੀਂ ਅਜੇ ਨਾ ਢੇਨੀਂ ਹੈਂ ਜਾਣ ਮਾਈ।
ਸ਼ਾਹ ਮੁਹੰਮਦਾ ਖੋਹ ਹਥਿਆਰ ਕੰਠੋ,
ਨਾਲ ਕੁੜਤੀਆਂ ਲਏ ਪਛਾਣ ਮਾਈ। ੧੦੧।

ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ,
ਲੰਕਾ ਵਿਚ ਤਾਂ ਰਾਵਣ ਕੁਹਾਇ ਦਿੱਤਾ।
ਕੌਰਵ ਪਾਂਡਵਾਂ ਨਾਲ ਕੀ ਭਲਾ ਕੀਤਾ,
ਠਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ।
ਰਾਜੇ ਭੋਜ ਦੇ ਮੂੰਹ ਲਗਾਮ ਦਿੱਤੀ,
ਮਾਰ ਅੱਡੀਆਂ ਹੋਸ਼ ਭੁਲਾਇ ਦਿੱਤਾ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਸਾਰੇ ਦੇਸ ਦਾ ਫਰਸ਼ ਉਠਾਇ ਦਿੱਤਾ। ੧੦੨।

ਰੱਬ ਚਾਹੇ ਤਾਂ ਕਰੇਗਾ ਮੇਹਰਬਾਨੀ,
ਹੋਇਆ ਸਿੰਘਾਂ ਦਾ ਕੰਮ ਆਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾ,
ਉਨ੍ਹਾਂ[1] ਨਾਲ ਨਾ ਕਿਸੇ ਦਾ ਵਾਸਤਾ ਈ।
ਓਹਦੇ ਨਾਲ ਨਾ ਬੈਠ ਕੇ ਗੱਲ ਕਰਨੀ,
ਖ਼ੁਦੀ ਆਪਣੀ ਵਿਚ ਮਹਾਸਤਾ ਈ[2]।
ਸ਼ਾਹ ਮੁਹੰਮਦਾ ਦੌਲਤਾਂ ਜਮਾਂ ਕਰਦਾ,
ਸ਼ਾਹੂਕਾਰਾਂ ਦਾ ਪੁੱਤ ਗੁਮਾਸ਼ਤਾ ਈ। ੧੦੩

ਜੇਹੜੀ ਹੋਈ ਸੋ ਲਈ ਹੈ ਵੇਖ ਅੱਖੀਂ,
ਅੱਗੇ ਹੋਰ ਕੀ ਬਣਤ ਬਣਾਂਵਣੀ ਜੀ।
ਇਕ ਘੜੀ ਦੀ ਕੁਝ ਉਮੇਦ ਨਾਹੀਂ,

---

1. ਤੀਸਰੀ ਜ਼ਾਤ ਵਾਲੇ, ਅੰਗਰੇਜ਼।
2. ਆਪਣੀ ਆਕੜ ਵਿਚ ਮਸਤ ਹੈ ਅਰਥਾਤ ਦੇਸ ਦੇ ਲੋਕਾਂ ਤੋਂ ਵੱਖ ਹੀ ਰਹਿੰਦੇ ਹਨ।

Digitized by Panjab Digital Library / www.panjabdigilib.org

ਕਿਸੇ ਲਈ ਹਾੜ੍ਹੀ ਕਿਸੇ ਸਾਵਣੀ ਜੀ ।
ਨਿੱਕੇ ਪੇਚ ਹੁਣ ਬੈਠ ਕੇ ਕਰਨ ਗੱਲਾਂ,
ਅਸਾਂ ਡਿੱਠੀ ਫਰੰਗੀ ਦੀ ਛਾਵਣੀ ਜੀ ।
ਸ਼ਾਹ ਮੁਹੰਮਦਾ ਨਹੀਂ ਮਾਲੂਮ ਸਾਨੂੰ,
ਅੱਗੇ ਹੋਰ ਕੀ ਖੇਡ ਦਖਾਵਣੀ ਜੀ । ੧੦੪ ।

ਸੰਮਤ ਉਨੀ ਸੈ ਦੂਸਰਾ ਵਰਤਿਆ ਸੀ,
ਜਦੋਂ ਹੋਇਆ ਫਰੰਗੀ ਦਾ ਜੰਗ ਮੀਆਂ[2] ।
ਹੈਸੀ ਖ਼ੂਨ ਦੀ ਓਹ ਜ਼ਮੀਨ ਪਿਆਸੀ,
ਹੋਇਆ ਸੁਰਖ ਸ਼ਰਾਬ ਦੇ ਰੰਗ ਮੀਆਂ ।
ਧਰਤੀ ਵੱਢ ਕੇ ਧੂੜ ਦੇ ਬਣੇ ਬੱਦਲ,
ਜੈਸੇ ਚੜ੍ਹੇ ਅਕਾਸ਼ ਪਤੰਗ ਮੀਆਂ ।
ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ,
ਨਹੀਂ ਮੋੜਦੇ ਸੂਰਮੇ ਅੰਗ ਮੀਆਂ । ੧੦੫ ।

।। ਸੰਪੂਰਨ ।।

ਪੰਜਾਬੀ ਸਾਹਿਤ ਅਕਾਡਮੀ
ਪੁਸਤਕ ਨੰ: 19839
ਪੰਜਾਬੀ ਭਵਨ, ਲੁਧਿਆਣਾ
ਪ੍ਰਿੰ: ਪ੍ਰੇਮ ਸਿੰਘ ਬਜਾਜ
ਵੱਲੋਂ
ਰੈਫਰੈਂਸ ਲਾਇਬ੍ਰੇਰੀ ਲਈ ਭੇਟ

2. ਮੁਦਕੀ ਦੀ ਲੜਾਈ, ੧੮ ਦਸੰਬਰ ੧੮੪੫ ।
ਫੇਰੂ ਸ਼ਹਿਰ ਦੀ ਲੜਾਈ, ੨੧-੨੨ ਦਸੰਬਰ ੧੮੪੫ ।
ਲੁਧਿਆਣਾ ਫੂਕਿਆ, ੧੭ ਜਨਵਰੀ ੧੮੪੬ ।
ਬੱਦੋਵਾਲ, ੨੧ ਜਨਵਰੀ ੧੮੪੬ ।
ਅਲੀਵਾਲ, ੨੮ ਜਨਵਰੀ ੧੮੪੬ ।
ਸਭਰਾਵਾਂ ਦੀ ਲੜਾਈ, ੧੦ ਫਰਵਰੀ ੧੮੪੬ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org
B-10617

# 'ਕੂਕਿਆਂ ਦੀ ਵਿਥਿਆ'

ਬਾਬਾ ਪ੍ਰੇਮ ਸਿੰਘ ਜੀ ਹੋਤੀ—ਪ੍ਰੋਫੈਸਰ ਗੰਡਾ ਸਿੰਘ ਜੀ
ਰਚਿਤ ਪੁਸਤਕ 'ਕੂਕਿਆਂ ਦੀ ਵਿਥਿਆ' ਨੂੰ ਮੈਂ ਗਹੁ ਨਾ
ਹੈ। ਨਿਰਸੰਦੇਹ ਇਸ ਨੂੰ ਇਤਿਹਾਸ ਪਦਵੀ ਦੇਣੀ ਪੈਂਦੀ ਹੈ।
ਇਸ ਰਚਨਾ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਸ
ਹਰ ਇਕ ਘਟਨਾ ਦੀ ਸਚਾਈ ਤੇ ਪੁਸ਼ਟੀ ਲਈ ਪੂਰੇ ਪੂਰੇ
ਸਬੂਤ ਦਿੱਤੇ ਹਨ, ਜਿਸ ਨਾਲ ਇਸ ਪੁਸਤਕ ਦਾ ਇਤਿਹਾ
ਵਿਦਵਾਨਾਂ ਤੇ ਪਾਰਖੂਆਂ ਦੀ ਨਜ਼ਰ ਵਿਚ ਬਹੁਤ ਬਲੰਦ ਹੋ ਜ

**Prof Teja Singh, M. A** -This is the first a
history of the Kooka or Namdhari movement
great revered leader, Baba Ram Singh It is
on original and contemporary sources co
of Government records which are inaccessibl
books, and letters of the great leader which ha
the light of the day for tne first time. It i
propaganda book for or against the unfortunat
but history written in a dignified and im
manner Although it gives the bare history
unvarnished manner, yet it is a terrible readi
of stirring and heart-rending events. The
given at the end are full of human interest.

**Dr. Balbir Singh, B. Sc., D. I. C., Ph. I**
an impartial chronology In presenting this his
work the author has deliberately refrained
using the ornaments of an emotional writer a
succeeded in giving his version free from any
and prepossessions

ਅਕਾਲੀ, ਲਾਹੌਰ, ੩੦ ਜੁਲਾਈ ੧੯੪੪—ਇਹ ਨਿਰੋ
ਹਾਸਕ ਪੁਸਤਕ ਹੈ......ਇਸ ਵਿਚ ਲਿਖਾਰੀ ਨੇ ਆਪਣੀਆਂ ਵਿ
ਰਾਵਾਂ ਘਟ ਵਰਤੀਆਂ ਹਨ ਤੇ ਨਿਰੋਲ ਵਾਕਿਆਤ ਦੇਣ ਉਤੇ
ਜ਼ੋਰ ਦਿੱਤਾ ਹੈ। ਇਹ ਨਾਮਧਾਰੀ ਸੰਪਰਦਾ ਦਾ ਇਕ ਨਿਰਪਖ ਇ
ਹੈ ਜਿਸ ਦੀ ਕਦਰ ਇਤਿਹਾਸਕਾਰਾਂ ਤੇ ਸੱਚ ਦੇ ਖੋਜੀਆਂ ਨੇ ਕਰ
ਇਸ ਵਿਚ ਲਿਖਾਰੀ ਵਲੋਂ ਕੋਈ ਲਾਗ-ਲਬੇੜ ਦੀ ਗੱਲ ਨਹੀਂ ਲਿਖ

Digitized by Panjab Digital Library | www.panjabdigilib.org